# ਚਤਰ ਬਾਲਕ

G. 127

ਮੋਹਨ ਸਿੰਘ ਵੈਦ

ਕਿਆਰੀ ਚੌਥੀ

੧ ਓ

ਫੁੱਲ ਪਹਿਲਾ

* ਬਾਲ ਬਗ਼ੀਚਾ *

# ਚਤਰ ਬਾਲਕ

ਲੇਖਕ

ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ

ਪ੍ਰਕਾਸ਼ਕ

ਪੰਜਾਬੀ ਕਿਤਾਬ ਘਰ

ਅੰਮ੍ਰਿਤਸਰ

ਜੂਨ ੧੯੩੪

੩੫

ਪਹਿਲੀ ਵਾਰ ੧੦੦੦ ਮੁਲ ।–)

੮੫੧੮੭

ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈਸ, ਕਟੜਾ ਜਲ੍ਹਿਆਂ ਵਾਲਾ,
ਅੰਮ੍ਰਿਤਸਰ ਵਿਚ ਸ: ਬਚਨ ਸਿੰਘ ਪ੍ਰਿੰਟਰ
ਦੇ ਯਤਨ ਨਾਲ ਛਪਿਆ ॥

ਪ੍ਰਕਾਸ਼ਕ—

ਲਾਲ ਸਿੰਘ ਮੈਨੇਜਰ
ਪੰਜਾਬੀ ਕਿਤਾਬ ਘਰ, ਅੰਮ੍ਰਿਤਸਰ

# ਮੁਖ ਬੰਦ

ਮਨੁੱਖ ਵਿੱਚ ਜਾਣਨ ਦੀ ਇੱਛਾ ਸਭ ਖ਼ਾਹਿਸ਼ਾਂ ਤੋਂ ਪ੍ਰਬਲ ਹੈ। ਚੀਜ਼ਾਂ ਦੀ ਖੋਜ ਪੜਤਾਲ ਦਾ ਮਾਦਾ ਇਨਸਾਨ ਦੇ ਸੁਭਾ ਵਿੱਚ ਅਜਿਹਾ ਰਚ ਮਿਚ ਗਿਆ ਹੈ ਕਿ ਉਹ ਜੰਮਣ ਤੋਂ ਲੈ ਕੇ ਮਰਨ ਤੱਕ ਨਵੀਂ ਤੋਂ ਨਵੀਂ ਵਾਕਫ਼ੀ ਪ੍ਰਾਪਤ ਕਰਨ ਦੇ ਜਤਨ ਵਿੱਚ ਰਹਿੰਦਾ ਹੈ। ਐਉਂ ਮਲੂਮ ਹੁੰਦਾ ਹੈ ਕਿ ਢਿੱਡ ਦਾ ਸਵਾਲ ਹੱਲ ਕਰਨ ਤੋਂ ਪਿੱਛੋਂ ਮਨੁੱਖ ਦਾ ਜੀਵਨ ਸਿਰਫ਼ ਕੀ ਤੇ ਕਿਉਂ ਦੇ ਸਵਾਲ ਕੱਢਣ ਵਾਸਤੇ ਹੀ ਰਹਿ ਗਿਆ ਹੈ। ਇਹੀ ਕਾਰਨ ਹੈ ਕਿ ਪਿਛਲੇ ਜ਼ਮਾਨੇ ਵਿੱਚ ਜਦੋਂ ਵਿੱਦਵਾਨ ਲੋਕ ਇਸ ਸੰਸਾਰ ਦੀਆਂ ਚੀਜ਼ਾਂ ਦੀ ਖੋਜ ਖ਼ਤਮ ਕਰ ਚੁਕੇ ਤਾਂ ਉਨ੍ਹਾਂ ਇਸ ਦਿਸਦੇ ਸੰਸਾਰ ਤੋਂ ਬਾਹਰ ਦੀਆਂ ਚੀਜ਼ਾਂ ਦੇ ਭੇਤ ਲੱਭਣੇ ਸ਼ੁਰੂ ਕਰ ਦਿੱਤੇ ਤੇ ਇਸ ਤਰ੍ਹਾਂ 'ਮੌਤ ਪਿੱਛੋਂ ਕੀ ਹੁੰਦਾ ਹੈ ?' 'ਆਤਮਾ ਪਰਮਾਤਮਾ ਦਾ ਭੇਤ' ਤੇ ਹੋਰ ਇਹੋ

ਜਹੇ ਸਵਾਲਾਂ ਦੇ ਉੱਤਰ ਢੂੰਢ ਢੂੰਢ ਕੇ ਕਈ ਗ੍ਰੰਥ ਲਿਖ ਮਾਰੇ ।

ਜ਼ਰਾ ਕੁ ਵਿਚਾਰ ਕੀਤਿਆਂ ਪਤਾ ਲੱਗੇਗਾ ਕਿ ਇਹ ਚਾਹ ਕੁਦਰਤੀ ਹੈ ਤੇ ਇਹ ਚਾਹ ਹੀ ਸਾਰੇ ਇਲਮਾਂ ਦਾ ਮੁਢ ਮੂਲ ਹੈ ਤੇ ਇਸੇ ਚਾਹ ਵਿੱਚ ਇਨਸਾਨ ਦਾ ਭਲਾ ਹੈ । ਜਾਣਨ ਦੀ ਤੇ ਭੇਤ ਲੱਭਣ ਦੀ ਇਸ ਚਾਹ ਨੇ ਸੰਸਾਰ ਨੂੰ ਕੀ ਕੁਝ ਦਿੱਤਾ ਹੈ, ਇਸ ਦਾ ਵਿਸਥਾਰ ਨਾਲ ਵਰਨਨ ਇਸ ਨਿੱਕੀ ਜਹੀ ਪੋਥੀ ਵਿੱਚ ਨਹੀਂ ਹੋ ਸਕਦਾ । ਰੇਲ ਗੱਡੀਆਂ, ਹਵਾਈ ਜਹਾਜ਼, ਸਮੁੰਦਰੀ ਜਹਾਜ਼, ਤਾਰ, ਟੈਲੀਫ਼ੋਨ ਤੇ ਵਾਇਰਲੈਸ, ਬਿਜਲੀ ਤੇ ਸਟੀਮ, ਕੈਮਰੇ ਤੇ ਬਾਈਸਕੋਪ, ਸਿਨਮਾ ਤੇ ਟਾਕੀ, ਗੱਲ ਕੀ ਨਵੀਂ ਸਾਇੰਸ ਦੀ ਹਰੇਕ ਕਾਢ ਇਸ ਖੋਜ ਪੜਤਾਲ ਦੇ ਮਾਦੇ ਨੇ ਪੈਦਾ ਕੀਤੀ ਹੈ । ਪਦਾਰਥ ਵਿੱਦਿਆ ਨੂੰ ਘੋਖਣ ਵਾਲਿਆਂ ਨੇ ਆਪਣਿਆਂ ਤਜਰਬਿਆਂ ਨਾਲ ਬੇਸ਼ੁਮਾਰ ਨਵੇਂ ਪਿਉਂਦੀ ਫਲ ਤੇ ਸਬਜ਼ੀਆਂ ਲੋਕਾਂ ਨੂੰ ਦਿੱਤੀਆਂ ਹਨ। ਕਈ ਅੰਮ੍ਰਿਤ ਚੀਜ਼ਾਂ ਤਿਆਰ

ਕੀਤੀਆਂ ਹਨ ਤੇ ਹੋਰ ਕਈ ਅਜਿਹੇ ਸੰਦ ਤੇ ਜੰਤਰ ਬਣਾਏ ਹਨ, ਜਿਨ੍ਹਾਂ ਨੇ ਇਨਸਾਨ ਦੇ ਜੀਵਣ ਨੂੰ ਸੁਖਮਈ ਬਣਾ ਦਿਤਾ ਹੈ। ਜੇ ਇਨਸਾਨ ਦੇ ਹਿਰਦੇ ਅੰਦਰ ਖੋਜ ਦਾ ਸ਼ੌਕ ਨਾ ਹੁੰਦਾ ਤਾਂ ਕੋਲੰਬਸ ਕਦੀ ਵੀ ਖ਼ਤਰਨਾਕ ਤੇ ਬਿਖਮ ਸਫ਼ਰ ਝਾਗ ਕੇ ਨਵੀਂ ਦੁਨੀਆਂ ਦਾ ਪਤਾ ਨਾ ਲਾਂਦਾ।

ਬੱਚੇ ਵਿੱਚ ਚੀਜ਼ਾਂ ਦਾ ਸਹੀ ਗਿਆਨ ਪ੍ਰਾਪਤ ਕਰਨ ਦੀ ਇੱਛਾ ਉਸ ਦੇ ਜਨਮ ਦੇ ਨਾਲ ਹੀ ਸ਼ੁਰੂ ਹੋ ਜਾਂਦੀ ਹੈ। ਉਹ ਜੰਮਦਾ ਹੀ ਹਰੇਕ ਚੀਜ਼ ਨੂੰ ਬੜੇ ਗਹੁ ਨਾਲ ਤੱਕਣ ਲੱਗ ਪੈਂਦਾ ਹੈ। ਕਈ ਚੀਜ਼ਾਂ ਵਲ ਅਜਿਹੀ ਟਿਕਟਿਕੀ ਤੇ ਨੀਝ ਲਾ ਕੇ ਵੇਖਦਾ ਹੈ, ਮਾਨੋ ਉਸ ਦੀ ਅਸਲੀਅਤ ਸਮਝਣ ਨੂੰ ਬੜਾ ਹੀ ਉਤਾਵਲਾ ਹੈ। ਜਿਉਂ ਹੀ ਉਸ ਦੇ ਹੱਥ ਕੰਮ ਕਰਨ ਲਗਦੇ ਹਨ, ਉਹ ਹਰੇਕ ਚੀਜ਼ ਨੂੰ ਫੜ ਕੇ ਉਸ ਦਾ ਇਕ ਇਕ ਹਿੱਸਾ ਵੇਖਦਾ ਹੈ, ਭੰਨ ਤੋੜ ਕੇ ਉਸ ਦੀ ਪਰਖ ਕਰਦਾ ਹੈ ਤੇ ਮੂੰਹ ਵਿਚ ਪਾ ਕੇ ਉਸ ਦਾ ਸਵਾਦ ਚਖਦਾ ਹੈ।

ਬੋਲਣਾ ਸਿੱਖਣ ਦੇ ਪਿੱਛੋਂ ਤਾਂ ਉਸ ਦੇ ਪ੍ਰਸ਼ਨਾਂ ਦੀ ਝੜੀ ਹੀ ਲੱਗ ਜਾਂਦੀ ਹੈ। 'ਮਾਂ ਜੀ! ਇਹ ਕੀ ਹੈ ? ਔਹ ਕੀ ਹੈ ? ਇਹਦੇ ਫੁੱਲ ਚਿੱਟੇ ਤੇ ਔਹਦੇ ਲਾਲ ਕਿਉਂ ਨੇ ? ਤਾਰੇ ਕੀ ਨੇ ? ਚੰਦ ਕੀ ਏ ? ਪਰਛਾਵਾਂ ਕੀ ਏ ? ਇੱਟਾਂ ਕਿੱਥੋਂ ਆਉਂਦੀਆਂ ਨੇ ? ਗੁੜ ਕੀਕੂੰ ਬਣਦਾ ਹੈ ?' ਆਦਿ ਸਵਾਲਾਂ ਨਾਲ ਉਹ ਬੜੇ ਬੜੇ ਸਿਆਣਿਆਂ ਨੂੰ ਚਕਰਾ ਦੇਂਦਾ ਹੈ। ਬਜ਼ਾਰ ਵਿਚ, ਮੇਲੇ ਵਿਚ, ਗੱਡੀ ਵਿਚ ਜਾਂ ਮੋਟਰ ਵਿਚ, ਜੰਗਲ ਵਿਚ ਜਾਂ ਪਹਾੜ ਤੇ ਉਹ ਸਵਾਲ ਪੁੱਛ ਪੁੱਛ ਕੇ ਆਪਣੀ ਵਾਕਫ਼ੀ ਵਿਚ ਵਾਧਾ ਕਰਦਾ ਹੈ ਤੇ ਚੀਜ਼ਾਂ ਦੀ ਤਹਿ ਤਕ ਪਹੁੰਚਣ ਦਾ ਜਤਨ ਕਰਦਾ ਹੈ। ਇਸ ਪੁੱਛਣ ਦੀ ਆਦਤ ਨਾਲ ਸਹਿਜੇ ਸਹਿਜੇ ਉਸ ਦਾ ਗਿਆਨ ਤੇ ਵੀਚਾਰ ਵਧਦੀ ਹੈ। ਜੇ ਉਸ ਨੂੰ ਇਨ੍ਹਾਂ ਸਵਾਲਾਂ ਦੇ ਠੀਕ ਠੀਕ ਜਵਾਬ ਦਿੱਤੇ ਜਾਣ ਤਾਂ ਉਹ ਚੀਜ਼ਾਂ ਨੂੰ ਉਨ੍ਹਾਂ ਦੇ ਅਸਲੀ ਰੂਪ ਵਿਚ ਵੇਖਦਾ ਹੈ, ਉਸ ਦੇ ਭਰਮ ਨਵਿਰਤ ਹੁੰਦੇ ਹਨ ਤੇ ਉਸ ਨੂੰ ਸਚ ਝੂਠ ਦਾ ਨਿਖੇੜਾ ਕਰਨਾ

ਆ ਜਾਂਦਾ ਹੈ । ਉਸ ਦੀ ਅਕਲ ਤੇ ਸਿਆਣਪ ਵਧਦੀ ਹੈ ਤੇ ਹੋਰ ਹੋਰ ਗੱਲਾਂ ਮਲੂਮ ਕਰਨ ਦਾ ਸ਼ੌਕ ਜਾਗਦਾ ਹੈ । ਜੇ ਬੱਚੇ ਦੀਆਂ ਪੁੱਛਾਂ ਦੇ ਉੱਤਰ ਨਾ ਦਿੱਤੇ ਜਾਣ ਜਾਂ ਗ਼ਲਤ ਮਲਤ ਦਿੱਤੇ ਜਾਣ ਤਾਂ ਉਸ ਦੀ ਬੁੱਧੀ ਮੌਲਣੋ ਚਮਕਣੋ ਰਹਿ ਜਾਂਦੀ ਹੈ, ਤੇ ਉਹ ਵਹਿਮਾਂ ਭਰਮਾਂ ਦਾ ਸ਼ਿਕਾਰ ਹੋ ਕੇ ਡਰੂ, ਬੇ-ਹੌਸਲਾ ਤੇ ਭਰੋਸੇ ਦਾ ਕੱਚਾ ਤੇ ਭੋਲਾ ਬਣ ਜਾਂਦਾ ਹੈ ।

ਯੂਰਪ ਵਿਚ ਤੇ ਦੁਨੀਆ ਦੇ ਹੋਰ ਉੱਨਤ ਦੇਸਾਂ ਵਿਚ ਬੱਚੇ ਦੀ ਇਸ ਪੁੱਛਣ ਦੀ ਉਤਕੰਠਾ ਦਾ ਪੂਰਾ ਪੂਰਾ ਧਿਆਨ ਰਖਿਆ ਜਾਂਦਾ ਹੈ ਤੇ ਇਸ ਬਿਰਤੀ ਦਾ ਸਤਕਾਰ ਕੀਤਾ ਜਾਂਦਾ ਹੈ । ਜਿੱਥੋਂ ਤਕ ਸੰਭਵ ਹੋਵੇ, ਮਾਪੇ ਛੋਟੇ ਬੱਚਿਆਂ ਨੂੰ ਆਪਣੀ ਨਿਗਰਾਨੀ ਹੇਠ ਰਖਦੇ ਹਨ ਤੇ ਉਨ੍ਹਾਂ ਦੀਆਂ ਪੁੱਛਾਂ ਦੇ ਉੱਤਰ ਬੜੇ ਸ਼ੌਕ ਨਾਲ ਦੇਂਦੇ ਹਨ । ਮਾਪਿਆਂ ਦੀ ਅਗਵਾਈ ਲਈ ਅਜਿਹੀਆਂ ਕਈ ਪੁਸਤਕਾਂ ਛਪੀਆਂ ਹੋਈਆਂ ਹਨ, ਜਿਨ੍ਹਾਂ ਵਿਚ ਬਾਲਕਾਂ ਦੇ ਹਰੇਕ ਪ੍ਰਸ਼ਨ ਦਾ

ਉੱਤਰ ਦੇਣ ਦੀ ਕੋਸ਼ਸ਼ ਕੀਤੀ ਗਈ ਹੈ। ਉਹ ਲਗਦੀ ਵਾਹੇ ਕਦੀ ਬੱਚਿਆਂ ਨੂੰ ਨਿਰਾਸ ਨਹੀਂ ਕਰਦੇ।

ਸਾਡਾ ਹਿੰਦੁਸਤਾਨ, ਜਿੱਥੇ ਬਦਕਿਸਮਤੀ ਨਾਲ ਹੋਰ ਕਈ ਗੱਲਾਂ ਵਿੱਚ ਪਿੱਛੇ ਜਾ ਪਿਆ ਹੈ ਉਥੇ ਬੱਚਿਆਂ ਦੀ ਸਿੱਖਿਆ ਵਲ ਵੀ ਕੋਈ ਧਿਆਨ ਨਹੀਂ ਦੇਂਦਾ। ਬੱਚਾ ਤਾਂ ਕੁਦਰਤੀ ਤੌਰ ਤੇ ਦਿਨ ਵਿੱਚ ਕਈ ਕਈ ਸਵਾਲ ਪੁੱਛਦਾ ਹੈ। ਮਾਪੇ ਪਹਿਲਾਂ ਤਾਂ ਆਪ ਕੁਝ ਜਾਣਦੇ ਹੀ ਨਹੀਂ; ਜੇ ਜਾਣਦੇ ਵੀ ਹਨ ਤਾਂ ਇਹ ਸਮਝ ਕੇ ਕਿ ਇਸ ਨੂੰ ਇਨ੍ਹਾਂ ਗੱਲਾਂ ਨਾਲ ਕੀਹ ਜਾਂ ਵਕਤ ਹਰਜ ਹੁੰਦਾ ਜਾਣ ਕੇ ਟਾਲਾ ਮਟੋਲਾ ਕਰ ਛੱਡਦੇ ਹਨ। ਜੇ ਬੱਚਾ ਬਹੁਤਾ ਹੀ ਖਹਿੜੇ ਪੈ ਜਾਏ ਤਾਂ ਉਸ ਨੂੰ ਝਿੜਕ ਕੇ ਬਹਾ ਦੇਂਦੇ ਹਨ, ਜਾਂ ਦੋ ਚਾਰ ਚਪੇੜਾਂ ਹੀ ਜੜ ਦੇਂਦੇ ਹਨ, ਕਿ ਕੰਨ ਕਿਉਂ ਖਾ ਮਾਰੇ ਨੀ। ਨਤੀਜਾ ਇਹ ਹੁੰਦਾ ਹੈ ਕਿ ਬਾਲਕ ਦਾ ਉਤਸ਼ਾਹ ਮਾਰਿਆ ਜਾਂਦਾ ਹੈ। ਉਸ ਦੇ ਕੋਮਲ ਹਿਰਦੇ ਨੂੰ ਅਜਿਹੀ ਸੱਟ ਵਜਦੀ ਹੈ ਕਿ ਉਸ ਨੂੰ ਵਿੱਦਿਆ ਪ੍ਰਾਪਤ ਕਰਨ ਦਾ

ਸ਼ੌਕ ਹੀ ਨਹੀਂ ਰਹਿੰਦਾ। ਉਹ ਅਚਰਜ ਹੋ ਹੋ ਕੇ ਪਿਆ 'ਰੱਬ ਦੇ ਰੰਗ' ਵੇਖਦਾ ਤੇ ਵਾਹ ਵਾਹ ਕਰਦਾ ਹੈ, ਪਰ ਆਪ ਕੁਝ ਕਰਨ ਦੀ ਹਿੰਮਤ ਉਸ ਨੂੰ ਨਹੀਂ ਪੈਂਦੀ।

ਭਾਈ ਮੋਹਨ ਸਿੰਘ ਜੀ ਵੈਦ ਨੇ ਇਹ ਪੁਸਤਕ ਪੰਜਾਬੀ ਮਾਪਿਆਂ ਦੇ ਇਸ ਰੁੱਖੇ ਵਤੀਰੇ ਦੇ ਸੁਧਾਰ ਲਈ ਲਿਖੀ ਹੈ। ਇਹ ਇੱਕ ਸੁਚੱਜੇ ਪਿਤਾ ਭਾਈ ਗਿਆਨ ਸਿੰਘ ਦੀ ਕਹਾਣੀ ਹੈ, ਜੋ ਖੇਡ ਖੇਡ ਵਿਚ ਹੀ ਆਪਣੇ ਹੋਣਹਾਰ ਪੁੱਤਰ ਚਤਰ ਸਿੰਘ ਨੂੰ ਕਈਆਂ ਵਸਤਾਂ ਦਾ ਗਿਆਨ ਦੇਂਦਾ ਹੈ। ਭਾਈ ਗਿਆਨ ਸਿੰਘ ਨੇ ਆਪਣੇ ਪੁੱਤਰ ਨੂੰ ਸੁਸਿਖਯਤ ਕਰਨ ਵਾਸਤੇ ਜੋ ਤਰੀਕਾ ਅਖ਼ਤਿਆਰ ਕੀਤਾ, ਉਹ ਮੈਂ ਕਰਤਾ ਜੀ ਦੇ ਆਪਣੇ ਸ਼ਬਦਾਂ ਵਿਚ ਹੀ ਦਸਦਾ ਹਾਂ। ਉਹ ਲਿਖਦੇ ਹਨ :—

ਭਾਈ ਗਿਆਨ ਸਿੰਘ ਨੇ ਆਪਣੇ ਪੁੱਤਰ ਦੀ ਉਮਰ ਦੇ ਪਹਿਲਿਆਂ ਚਵ੍ਹੀਆਂ ਵਰ੍ਹਿਆਂ ਦੇ ਤਿੰਨ ਹਿੱਸੇ ਕਰ ਦਿੱਤੇ। ਪਹਿਲਿਆਂ ਅੱਠਾਂ ਵਰ੍ਹਿਆਂ ਵਿੱਚ ਉਸ ਨੇ ਪੁੱਤਰ ਨੂੰ ਬਾਕਾਇਦਾ ਕੋਈ ਸਿੱਖਿਆ ਨਹੀਂ ਦਿੱਤੀ। ਇਸ ਉਮਰ ਵਿੱਚ ਉਹ ਖੁਲ੍ਹਾ ਖੇਡਦਾ ਮੱਲ੍ਹਦਾ ਰਿਹਾ

ਤੇ ਉਸ ਨੇ ਅਜਿਹੇ ਹੱਥ ਪੈਰ ਕੱਢੇ ਕਿ ਲੋਕ ਵੇਖ ਵੇਖ ਕੇ ਹਰਾਨ ਹੁੰਦੇ ਸਨ । ਇਸ ਅਵਸਥਾ ਵਿੱਚ ਹੀ ਦੌੜਨਾ, ਭਾਰ ਚੁੱਕ ਲੈਣਾ, ਬ੍ਰਿਛਾਂ ਉੱਤੇ ਚੜ੍ਹ ਜਾਣਾ ਤੇ ਹਨੇਰੇ ਸਵੇਰੇ ਘਰੋਂ ਨਿਕਲ ਤੁਰਨਾ ਉਸ ਦੇ ਅੱਗੇ ਕੁਝ ਗੱਲ ਹੀ ਨਹੀਂ ਸੀ । ਆਲਸ ਦਾ ਉਹ ਨਾਮ ਹੀ ਨਹੀਂ ਸੀ ਜਾਣਦਾ ਤੇ ਦੂਜੇ ਪਾਸੋਂ ਮੱਦਦ ਲੈਣੀ ਉਸ ਲਈ ਬੜੀ ਸ਼ਰਮ ਦੀ ਗੱਲ ਸੀ। ਮੁਕਦੀ ਗੱਲ ਇਹ ਕਿ ਉਸ ਦਾ ਸਰੀਰ ਚੰਚਲ ਤੇ ਰਿਸ਼ਟ ਪੁਸ਼ਟ ਹੋ ਗਿਆ ਤੇ ਉਸ ਦੀ ਬੁੱਧੀ ਸਿੱਖਿਆ ਗ੍ਰਹਿਣ ਕਰਨ ਦੇ ਜੋਗ ਹੋ ਗਈ । ਇਸ ਤੋਂ ਅਗਲੇ ਛੇ ਵਰ੍ਹੇ ਘਰ ਵਿੱਚ ਆਮ ਪਦਾਰਥਾਂ ਦਾ ਗਿਆਨ ਕਰਾਇਆ ਤੇ ਅੰਤਲੇ ਦੱਸ ਵਰ੍ਹੇ ਸਕੂਲ ਦੀ ਪੜ੍ਹਾਈ ਲਈ ਛੱਡ ਦਿੱਤੇ ।

**ਮਾਪਿਆਂ ਦੀਆਂ ਦੋ ਤਿੰਨ ਗ਼ਲਤੀਆਂ ਵੱਲ ਭਾਈ ਸਾਹਿਬ ਨੇ ਖ਼ਾਸ ਧਿਆਨ ਦਿਵਾਇਆ ਹੈ । ਉਹ ਲਿਖਦੇ ਹਨ :—**

ਅਨਪੜ੍ਹ ਮਾਪਿਆਂ ਵਿੱਚ ਆਪਣੀ ਸੰਤਾਨ ਨੂੰ 'ਹਊਆ ਆਇਆ' ਆਦਿ ਆਖ ਕੇ ਡਰਾਣ ਦੀ ਜੋ ਚਾਲ ਹੈ, ਉਸ ਨੂੰ ਭਾਈ ਗਿਆਨ ਸਿੰਘ ਹੋਰੀਂ ਬਹੁਤ ਬੁਰਾ ਸਮਝਦੇ ਸਨ । ਉਨ੍ਹਾਂ ਨੇ ਚਤਰ ਸਿੰਘ ਨੂੰ ਅਜਿਹੀਆਂ ਝੂਠੀਆਂ ਗੱਲਾਂ ਨਾਲ ਕਦੇ ਡਰਾਇਆ ਧਮਕਾਇਆ ਨਹੀਂ ਸੀ । ਉਨ੍ਹਾਂ ਨੇ ਉਸ ਦੇ ਸਾਮ੍ਹਣੇ

ਸੱਚੀ ਗੱਲ ਨੂੰ ਸੱਚੀ ਅਤੇ ਝੂਠੀ ਨੂੰ ਝੂਠੀ ਹੀ ਕਿਹਾ। ਉਸ ਦੇ ਸਾਮ੍ਹਣੇ ਹਾਸੇ ਵਿੱਚ ਭੀ ਕਦੇ ਕੋਈ ਬੁਰੀ ਗੱਲ ਨਾ ਆਖੀ, ਨਾ ਸੁਣੀ ਤੇ ਨਾ ਹੀ ਕੀਤੀ। ਕਈਆਂ ਮਾਪਿਆਂ ਦੀ ਇਹ ਭੈੜੀ ਆਦਤ ਹੁੰਦੀ ਹੈ ਕਿ ਜੇਕਰ ਕੋਈ ਬਾਹਰੋਂ ਅਵਾਜ਼ ਮਾਰੇ ਤਾਂ ਆਪਣੇ ਪੁੱਤਰ ਜਾਂ ਧੀ ਨੂੰ ਸਿਖਾਲ ਦੇਣਾ ਕਿ ਆਖ ਦੇ, 'ਅੰਦਰ ਕੋਈ ਨਹੀਂ !' ਇਸ ਤਰ੍ਹਾਂ ਬਾਲਕਾਂ ਨੂੰ ਛੋਟੇ ਹੁੰਦਿਆਂ ਤੋਂ ਮਾਪੇ ਹੀ ਝੂਠ ਬੋਲਣ ਦੀ ਵਾਦੀ ਪਾ ਦੇਂਦੇ ਹਨ।

ਇਸ ਕਿਤਾਬ ਵਿੱਚੋਂ ਜਿੱਥੇ ਬੱਚਿਆਂ ਨੂੰ ਉਨ੍ਹਾਂ ਦੇ ਕਈਆਂ ਪ੍ਰਸ਼ਨਾਂ ਦੇ ਉੱਤਰ ਮਿਲਣਗੇ, ਉੱਥੇ ਮਾਪਿਆਂ ਨੂੰ ਇਹ ਪਤਾ ਲਗੇਗਾ ਕਿ ਬੱਚੇ ਕਿਹੋ ਜਹੇ ਸਵਾਲ ਕਰਦੇ ਹਨ ਤੇ ਉਨ੍ਹਾਂ ਦੇ ਜਵਾਬ ਕਿਸ ਤਰ੍ਹਾਂ ਦੇਣੇ ਚਾਹੀਦੇ ਹਨ। ਨਿਰਸੰਦੇਹ ਇਹ ਪੁਸਤਕ ਅਜੇ ਬੜੀ ਅਧੂਰੀ ਹੈ; ਪਰ ਇਸ ਤੋਂ ਵੱਡੀਆਂ ਤੇ ਮੁਕੰਮਲ ਕਿਤਾਬਾਂ ਦਾ ਛਪਣਾ ਪੰਜਾਬੀ ਪੜ੍ਹਿਆਂ ਲਿਖਿਆਂ ਦੇ ਉਸ ਵਤੀਰੇ ਤੇ ਨਿਰਭਰ ਹੈ, ਜੋ ਉਹ ਇਸ ਪੁਸਤਕ ਦੇ ਛਪਣ ਤੇ ਅਖਤਿਆਰ ਕਰਨਗੇ।

ਬੱਚਿਆਂ ਦੀ ਸਿੱਖਿਆ ਸੰਬੰਧੀ ਮੇਰੇ ਆਪਣੇ

ਵਿਚਾਰ ਇਹ ਹਨ ਕਿ ਸਤ ਵਰ੍ਹੇ ਦੀ ਉਮਰ ਤਕ ਬੱਚਿਆਂ ਨੂੰ ਸਕੂਲੇ ਬਿਲਕੁਲ ਨਹੀਂ ਭੇਜਣਾ ਚਾਹੀਦਾ । ਵਰਤਮਾਨ ਹਾਲਤਾਂ ਵਿਚ ਉੱਥੇ ਬੱਚਿਆਂ ਦੀ ਸ਼ਖ਼ਸੀਅਤ ਤੇ ਖੋਜ ਦਾ ਉਤਸ਼ਾਹ ਮਾਰੇ ਜਾਣ ਦਾ ਡਰ ਹੈ । ਇਸ ਉਮਰ ਤਕ ਉਸ ਦੀ ਸਿੱਖਿਆ ਘਰ ਵਿਚ ਹੀ ਹੋਣੀ ਚਾਹੀਦੀ ਹੈ ਤੇ ਉਸ ਨੂੰ ਨੱਚਣ ਕੁੱਦਣ ਤੇ ਖੇਡਣ ਮਲ੍ਹਣ ਲਈ ਖੁਲ੍ਹਾ ਸਮਾਂ ਮਿਲਣਾ ਚਾਹੀਦਾ ਹੈ । ਇਹ ਵੀ ਜ਼ਰੂਰੀ ਹੈ ਕਿ ਉਸ ਦੀ ਸਾਰੀ ਸਿੱਖਿਆ ਜ਼ਬਾਨੀ ਜ਼ਬਾਨੀ ਹੋਵੇ ਤੇ ਉਸ ਨੂੰ ਅੱਖਰ ਬੋਧ ਦੇ ਝਮੇਲੇ ਵਿੱਚ ਨਾ ਪਾਇਆ ਜਾਵੇ । ਜਿੱਥੋਂ ਤਕ ਹੋ ਸਕੇ, ਉਸ ਦੇ ਹੱਥਾਂ ਤੇ ਅੱਖਾਂ ਨੂੰ ਟ੍ਰੇਂਡ ਕੀਤਾ ਜਾਏ । ਉਸ ਨੂੰ ਵੱਡਿਆਂ ਆਦਮੀਆਂ ਦੇ ਜੀਵਨ ਸਮਾਚਾਰ ਤੇ ਹੋਰ ਕਥਾ ਕਹਾਣੀਆਂ ਸੁਣਾ ਕੇ ਉਦਮੀ, ਧੀਰਜਵਾਨ, ਸਾਹਸੀ ਤੇ ਨਿਡਰ ਬਣਾਇਆ ਜਾਵੇ । ਤੇ ਫਿਰ ਸਭ ਤੋਂ ਵੱਡੀ ਗੱਲ ਇਹ ਕਿ ਉਸ ਦੀਆਂ ਪੁੱਛਾਂ ਦੇ ਸਹੀ ਸਹੀ ਉੱਤਰ ਦੇ ਕੇ ਉਸ ਦਾ ਗਿਆਨ ਵਧਾਇਆ ਜਾਵੇ ।

ਅੰਮ੍ਰਿਤਸਰ, ੨੫ ਮਈ ੧੯੩੪]                ਲਾਲ ਸਿੰਘ ਗਿਆਨੀ

# ਦੇਖ ਭਾਲ

ਭਾਈ ਗਿਆਨ ਸਿੰਘ ਜੀ ਬਾਹਰ ਹਵੇਲੀ ਵਿਚ ਟਹਿਲਦੇ ਪਏ ਸਨ ਅਤੇ ਕਾਕਾ ਚਤਰ ਸਿੰਘ ਇੱਟਾਂ ਦੇ ਰੋੜਿਆਂ ਨਾਲ ਖੇਡ ਰਿਹਾ ਸੀ ਕਿ ਉਨ੍ਹਾਂ ਨੇ ਪੁੱਛਿਆ, 'ਪੁੱਤ ! ਕੀ ਪਿਆ ਕਰਦਾ ਹੈਂ ?'

ਚਤਰ ਸਿੰਘ—ਇੱਟਾਂ ਨਾਲ ਪਿਆ ਖੇਡਦਾ ਹਾਂ।

ਗਿਆਨ ਸਿੰਘ—ਹੱਛਾ ਮੈਨੂੰ ਵੀ ਵਿਖਾਲ !

ਚਤਰ ਸਿੰਘ—ਆਹ ਲਉ ਵੇਖੋ ! ਕੀ ਮੈਂ ਝੂਠ ਬੋਲਦਾ ਹਾਂ ?

ਗਿਆਨ ਸਿੰਘ—ਵਾਹ ਪੁੱਤ ! ਤੂੰ ਇਨ੍ਹਾਂ ਇੱਟਾਂ ਨਾਲ ਪਿਆ ਖੇਡਦਾ ਹੈਂ ? ਹੱਛਾ ਇਹ ਦਸ ਇਹ ਇੱਟ ਛੋਟੀ ਕਿਉਂ ਹੈ ?

ਚਤਰ ਸਿੰਘ—ਇੱਟ ਨੂੰ ਇੱਟ ਮਾਰੀ ਤਾਂ ਉਹ ਟੁੱਟ ਕੇ ਛੋਟੀ ਹੋ ਗਈ।

ਗਿਆਨ ਸਿੰਘ—ਕੀ ਇਹ ਤੂੰ ਤੋੜੀ ਹੈ ?

ਚਤਰ ਸਿੰਘ—ਨਹੀਂ ! ਮੈਂ ਹੁਣ ਤੋੜਾਂਗਾ; ਇਹ ਤਾਂ ਅੱਗੇ ਹੀ ਟੁੱਟੀ ਹੋਈ ਸੀ।

ਗਿਆਨ ਸਿੰਘ–ਤਦੇ ਹੀ ਇਹ ਰੋੜਾ ਮੈਲਾ ਹੈ। ਕਲ੍ਹ ਫੇਰ ਤੂੰ ਇਨ੍ਹਾਂ ਨਾਲ ਖੇਡੀਂ, ਮੈਂ ਤੈਨੂੰ ਇੱਕ ਨਵੀਂ ਗੱਲ ਦੱਸਾਂਗਾ।

ਚਤਰ ਸਿੰਘ–ਹੱਛਾ ਜੀ !

ਇੰਨੀ ਦੇਖ ਭਾਲ ਅਤੇ ਗੱਲ ਬਾਤ ਨਾਲ ਚਤਰ ਸਿੰਘ ਨੂੰ ਕਈ ਨਵੀਆਂ ਗੱਲਾਂ ਮਲੂਮ ਹੋ ਗਈਆਂ। ਇੱਕ ਤਾਂ ਇਹ ਕਿ ਇੱਟ ਦੇ ਟੋਟੇ ਨੂੰ ਰੋੜਾ ਭੀ ਆਖਦੇ ਹਨ। ਦੂਜੀ ਇਹ ਕਿ ਟੁੱਟਣ ਨਾਲ ਚੀਜ਼ ਛੋਟੀ ਹੋ ਜਾਂਦੀ ਹੈ। ਤੀਜੀ ਇਹ ਕਿ ਬਹੁਤ ਦਿਨਾਂ ਦੀ ਟੁੱਟੀ ਹੋਈ ਚੀਜ਼ ਮੈਲੀ ਹੋ ਜਾਂਦੀ ਹੈ।

ਦੂਜਾ ਦਿਨ ਹੋਇਆ ਤਾਂ ਕਾਕੇ ਨੇ ਆਖਣਾ ਸ਼ੁਰੂ ਕੀਤਾ, 'ਕਿਉਂ ਭਾਈਆ ਜੀ ! ਹੁਣ ਖੇਡਾਂ ? ਕਿਉਂ ਭਾਈਆ ਜੀ ! ਹੁਣ ਖੇਡਾਂ ?' ਹਾਲਾਂਕਿ ਅੱਜੇ ਖੇਡਣ ਦਾ ਵੇਲਾ ਭੀ ਨਹੀਂ ਸੀ ਹੋਇਆ। ਪਰ ਕਲ੍ਹ ਉਸ ਨੂੰ ਭਾਈਏ ਹੁਰਾਂ ਇਹ ਜੋ ਆਖਿਆ ਸੀ ਕਿ ਭਲਕੇ ਜਦ ਤੂੰ ਇਨ੍ਹਾਂ ਇੱਟਾਂ ਨਾਲ ਖੇਡੇਂਗਾ ਤਾਂ ਮੈਂ ਤੈਨੂੰ

ਇੱਕ ਗੱਲ ਦੱਸਾਂਗਾ। ਬਸ ਓਸ ਗੱਲ ਨੂੰ ਯਾਦ ਰੱਖ ਕੇ ਕਾਕੇ ਹੁਰੀਂ ਸਵੇਰ ਸਾਰ ਹੀ ਆਖਣ ਲਗ ਪਏ, 'ਕਿਉਂ ਭਾਈਆ ਜੀ ! ਹੁਣ ਖੇਡਾਂ ?'

ਪਿਤਾ–ਹੁਣੇ ਹੀ ! ਖੇਡਣ ਦਾ ਵੇਲਾ ਤਾਂ ਹੋਣ ਦੇਹ।

ਚਤਰ ਸਿੰਘ–(ਥੋੜੀ ਦੇਰ ਠਹਿਰ ਕੇ) ਭਾਈਆ ਜੀ ! ਹੁਣ ਤਾਂ ਵੇਲਾ ਹੋ ਗਿਆ ਹੈ। ਭਾਈਏ ਹੁਰਾਂ ਫੇਰ ਭੀ ਆਖਿਆ, 'ਅਜੇ ਠਹਿਰ !' ਛੇਕੜ ਜਦ ਖੇਡਣ ਦਾ ਵੇਲਾ ਹੋ ਗਿਆ ਤਾਂ ਕਾਕੇ ਨੇ ਫੇਰ ਆਖਿਆ, 'ਭਾਈਆ ਜੀ ! ਖੇਡਾਂ ?' ਭਾਈਏ ਹੁਰਾਂ ਭੀ ਉਸ ਦਾ ਉਤਸ਼ਾਹ ਵੇਖ ਕੇ ਆਗਿਆ ਦੇ ਦਿੱਤੀ। ਚਤਰ ਸਿੰਘ ਨੇ ਚੁਣ ਚੁਣ ਕੇ ਬਹੁਤ ਸਾਰੇ ਇੱਟਾਂ, ਰੋੜੇ ਅਤੇ ਪੱਥਰ ਕੱਠੇ ਕਰ ਲਏ। ਫੇਰ ਤੋੜ ਤੋੜ ਕੇ ਸੁਰਖ਼ੀ ਪੀਹਣ ਲੱਗਾ। ਏਨੇ ਚਿਰ ਨੂੰ ਭਾਈ ਗਿਆਨ ਸਿੰਘ ਹੁਰੀਂ ਭੀ ਟਹਿਲਦੇ ਟਹਿਲਦੇ ਓਥੇ ਆਣ ਖੜੇ ਹੋਏ ਅਤੇ ਪੁੱਛਣ ਲਗੇ:–

ਪੁੱਤ ! ਕਲ੍ਹ ਤੂੰ ਕਿਹਾ ਸੀ ਕਿ ਇਹ ਇੱਟਾਂ ਦੇ ਟੋਟੇ ਹਨ । ਮੈਨੂੰ ਵਿਖਾ ਤਾਂ ਸਹੀ, ਇੱਟਾਂ ਕਿਹੋ ਜਿਹੀਆਂ ਹੁੰਦੀਆਂ ਹਨ ?

ਕਾਕਾ ਚਤਰ ਸਿੰਘ ਇਹ ਗੱਲ ਸੁਣ ਕੇ ਹੱਸਿਆ ਕਿ ਭਾਈਏ ਹੁਰੀਂ ਏਨੀ ਗੱਲ ਵੀ ਨਹੀਂ ਜਾਣਦੇ ਅਤੇ ਉੱਠ ਕੇ ਇਕ ਪੱਧਰੀ ਇੱਟ ਚੁਕ ਲਿਆਇਆ ।

ਕਾਕਾ—ਵੇਖੋ ਅਜਿਹੀ ਹੁੰਦੀ ਹੈ !

ਪਿਤਾ—ਕਿੱਥੋਂ ਲਿਆਇਆ ਹੈਂ ?

ਕਾਕਾ—ਘੜਿਆਂ ਪਾਸੋਂ ।

ਪਿਤਾ—ਕੀ ਹੋਰ ਕਿਧਰੇ ਨਹੀਂ ਸੀ ?

ਕਾਕਾ—ਹੋਰ ਕੰਧਾਂ ਵਿੱਚ ਸਨ । ਕੀ ਉੱਥੋਂ ਪੁੱਟ ਲਿਆਵਾਂ ?

ਪਿਤਾ—ਨਹੀਂ, ਤੂੰ ਇੱਥੋਂ ਹੀ ਦੱਸ ਦੇਂਦਾ ਕਿ ਅਹੁ ਇੱਟਾਂ ਹਨ ।

ਕਾਕਾ—ਹੱਛਾ ਹੁਣ ਸਹੀ ।

ਪਿਤਾ—ਕਿਉਂ ਕਾਕਾ ! ਇਨ੍ਹਾਂ ਇੱਟਾਂ ਨੂੰ ਪੀਹ ਕੇ ਸੁਰਖ਼ੀ ਹੀ ਬਣਾਉਂਦੇ ਹਨ ਕਿ ਹੋਰ

ਭੀ ਕਿਸੇ ਕੰਮ ਆਉਂਦੀਆਂ ਹਨ ?

ਕਾਕਾ—ਹੋਰ ਕਿਸੇ ਕੰਮ ਨਹੀਂ ਆਉਂਦੀਆਂ ਤਾਂ ਚੁੱਲ੍ਹੇ ਕਿਸ ਨਾਲ ਬਣਦੇ ਹਨ ?

ਪਿਤਾ—ਠੀਕ ਭਈ ਠੀਕ ! ਇਹ ਤਾਂ ਤੂੰ ਸੱਚ ਆਖਿਆ ਹੈ । 'ਮਾਂ ਨੀ ਮਾਂ ਮੈਨੂੰ ਪੇਟ ਦਾ ਦੁਖ !' ਅਖੇ 'ਦੋ ਤੇ ਦੋ ਚਾਰ ਰੋਟੀਆਂ ।' ਹੱਛਾ ਹੋਰ ਕੀ ਬਣਦਾ ਹੈ ?

ਕਾਕਾ—(ਥੋੜੀ ਦੇਰ ਸੋਚ ਕੇ) ਹੋਰ ਤੋਲਣ ਦੇ ਵੱਟੇ । ਮਾਂ ਜੀ ਇੱਟਾਂ ਨਾਲ ਖੰਡ ਘਿਉ ਤੋਲ ਲੈਂਦੇ ਹਨ ।

ਪਿਤਾ—ਠੀਕ ਭਈ ਠੀਕ ! ਸੱਚ ਹੈ ।

ਕਾਕਾ—ਫੇਰ ਸਾਡਾ ਘਰ ਭੀ ਤਾਂ ਇੱਟਾਂ ਦਾ ਬਣਿਆ ਹੋਇਆ ਹੈ; ਅਹੁ ਸਾਡੀ ਬੈਠਕ ਅਤੇ ਤਬੇਲਾ ਭੀ ਇਨ੍ਹਾਂ ਇੱਟਾਂ ਦਾ ਹੈ । ਗਾਂ ਅਤੇ ਮਹਿੰ ਦੀ ਖੁਰਲੀ ਭੀ ਇੱਟਾਂ ਦੀ ਹੈ ।

ਪਿਤਾ—ਹੱਛਾ, ਖੜਾ ਹੋ ਕੇ ਦੱਸ ਤਾਂ ਕਿਹੜੀ ਕੰਧ ਨਿਰੀਆਂ ਇੱਟਾਂ ਦੀ ਹੈ ?

ਕਾਕਾ—(ਇਕ ਕੰਧ ਵਲ ਉਂਗਲ ਕਰ ਕੇ) ਅਹੁ ਵੇਖੋ !

ਪਿਤਾ—ਹੱਛਾ,ਇਸ ਦੀਆਂ ਨੀਂਹਾਂ ਵਿਚ ਕੀ ਹੈ?

ਕਾਕਾ—ਪੱਥਰ।

ਪਿਤਾ—ਇਨ੍ਹਾਂ ਇੱਟਾਂ ਦੇ ਵਿਚਾਲੇ ਹੋਰ ਕੀ ਹੈ?

ਕਾਕਾ—ਮਿੱਟੀ।

ਪਿਤਾ—ਤਾਂ ਫਿਰ ਇਉਂ ਆਖ ਭਈ ਇੱਟਾਂ, ਮਿੱਟੀ ਅਤੇ ਪੱਥਰਾਂ ਨਾਲ ਮਕਾਨ ਬਣਿਆ ਹੈ।

ਕਾਕਾ—ਪੱਥਰ ਭੀ ਤਾਂ ਇੱਟਾਂ ਦਾ ਹੀ ਬਣਦਾ ਹੈ ਨਾ।

ਪਿਤਾ—ਤੂੰ ਇਹ ਕੀਕੂੰ ਜਾਣਿਆ? ਪੱਥਰ ਦੀ ਤਾਂ ਸ਼ਕਲ ਭੀ ਇੱਟ ਨਾਲ ਨਹੀਂ ਮਿਲਦੀ। ਇੱਟ ਪੋਲੀ ਹੁੰਦੀ ਹੈ; ਪੱਥਰ ਪੀਡਾ ਹੁੰਦਾ ਹੈ। ਇੱਟਾਂ ਭੱਠਿਆਂ ਵਾਲੇ ਬਣਾਉਂਦੇ ਹਨ, ਪਰ ਪੱਥਰ ਪਹਾੜਾਂ ਵਿੱਚੋਂ ਨਿਕਲਦਾ ਹੈ।

ਇਹ ਸੁਣਦੇ ਸਾਰ ਕਾਕਾ ਦੌੜਿਆ ਦੌੜਿਆ ਗਿਆ ਤੇ ਕਿਤੋਂ ਨੇੜਿਓਂ ਹੀ ਇਕ ਲਾਲ ਪੱਥਰ ਚੁਕ ਲਿਆਇਆ। ਆਖਣ ਲਗਾ, 'ਵੇਖੋ! ਇਹ ਇੱਟ ਹੈ ਕਿ ਨਹੀਂ?'

ਪਿਤਾ—ਨਹੀਂ।

ਕਾਕਾ—ਲਾਲ ਲਾਲ ਤਾਂ ਇੱਟ ਵਰਗੀ ਹੈ ਅਤੇ ਵੱਡੀ ਤਾਂ ਉਸ ਨਾਲੋਂ ਭੀ ਬਹੁਤ ਹੈ।

ਪਿਤਾ—ਬੱਚੂ ! ਪੱਥਰ ਤਾਂ ਇਸ ਨਾਲੋਂ ਭੀ ਬਹੁਤ ਵੱਡੇ ਵੱਡੇ ਹੁੰਦੇ ਹਨ। (ਦਾਲਾਨ ਦਾ ਥੰਮ੍ਹ ਵਿਖਾਲ ਕੇ) ਵੇਖ ਤਾਂ ਇਹ ਭੀ ਉਸ ਦੇ ਨਾਲ ਦਾ ਹੈ ਕਿ ਨਹੀਂ ?

ਕਾਕਾ—ਤੇ ਇੱਟਾਂ ਕਿੱਥੋਂ ਆਉਂਦੀਆਂ ਹਨ ?

ਪਿਤਾ—ਭੱਠਿਆਂ ਤੋਂ।

ਕਾਕਾ—ਇਨ੍ਹਾਂ ਨੂੰ ਕੌਣ ਬਣਾਉਂਦਾ ਹੈ ?

ਪਿਤਾ—ਕੁਮ੍ਹਿਆਰ।

ਕਾਕਾ—ਉਹੋ ਜਿਹੜਾ ਘੜੇ ਲਿਆਉਂਦਾ ਹੈ ?

ਪਿਤਾ—ਨਹੀਂ, ਉਹ ਹੋਰ ਕੁਮ੍ਹਿਆਰ ਹੁੰਦੇ ਹਨ। ਉਹ ਨਿਰੀਆਂ ਇੱਟਾਂ ਬਣਾਉਂਦੇ ਹਨ।

ਕਾਕਾ—ਉਹ ਭੀ ਮਨੁੱਖ ਹੁੰਦੇ ਹੋਣਗੇ ?

ਪਿਤਾ—ਆਹੋ। ਜਿੱਦਾਂ ਦਾ ਤੂੰ ਹੈਂ।

ਕਾਕਾ—ਫੇਰ ਮੈਂ ਤਾਂ ਇੱਟਾਂ ਨਹੀਂ ਬਣਾ ਜਾਣਦਾ।

ਪਿਤਾ—ਮੈਂ ਤੈਨੂੰ ਸਿਖਾਲ ਦਿਆਂਗਾ।

ਕਾਕਾ—ਫੇਰ ਸਿਖਾਲੋ।

ਪਿਤਾ—ਚੰਗਾ ! ਥੋੜੀ ਲੇਪਣ ਵਾਲੀ ਚੀਕਣੀ ਮਿੱਟੀ ਲਿਆ ਕੇ ਗੁੰਨ੍ਹ ।

ਕਾਕੇ ਨੇ ਚੀਕਣੀ ਮਿੱਟੀ ਦਾ ਇਕ ਢੇਲਾ ਲਿਆ ਕੇ ਕੁੱਟਿਆ ਅਤੇ ਉਸ ਨੂੰ ਪਾਣੀ ਪਾ ਕੇ ਗੁੰਨ੍ਹਣ ਲੱਗਾ । ਭਾਈਏ ਹੁਰੀਂ ਬਾਹਰ ਨਿਕਲ ਗਏ । ਹੁਣ ਓਥੇ ਜਾਂ ਕਾਕਾ ਹੈ ਤੇ ਜਾਂ ਗੁੰਨ੍ਹੀ ਹੋਈ ਮਿੱਟੀ; ਭਾਈਏ ਹੁਰੀਂ ਤੇ ਹੈਣ ਹੀ ਨਹੀਂ । ਇੱਟ ਬਣੇ ਤਾਂ ਕੀਕੂੰ ਬਣੇ ? ਕਾਕਾ ਵਿਚਾਰਾ ਭਾਈਏ ਨੂੰ ਲੱਭਦਾ ਫਿਰਦਾ ਹੈ । ਕਦੇ ਬਾਹਰ ਜਾਂਦਾ ਹੈ ਤੇ ਕਦੇ ਅੰਦਰ ਆਉਂਦਾ ਹੈ । ਥੋੜੀ ਦੇਰ ਪਿੱਛੋਂ ਭਾਈਏ ਹੁਰੀਂ ਭੀ ਆ ਗਏ । ਪੁੱਤ ਦੀ ਖ਼ੁਸ਼ੀ ਅਤੇ ਕੰਮ ਸਿੱਖਣ ਦੀ ਚਾਹ ਵੇਖ ਕੇ ਮਨ ਵਿੱਚ ਪਰਸੰਨ ਹੋਏ ਅਤੇ ਆਖਣ ਲੱਗੇ:—

ਕਾਕਾ ! ਇੱਟ ਇੱਕ ਦਿਨ ਵਿੱਚ ਨਹੀਂ ਬਣ ਜਾਂਦੀ । ਹੁਣ ਬਣਾਵਾਂਗੇ ਤਾਂ ਉਹ ਕਈ ਦਿਨ ਸੁਕਦੀ ਰਹੇਗੀ । ਹੱਛਾ ਹੁਣ ਡਬਲ ਰੋਟੀ ਵਾਲੀ ਟੀਨ ਦੀ ਪਿਆਲੀ ਲੈ

ਆ । (ਕਾਕਾ ਜਾ ਕੇ ਚੁੱਕ ਲਿਆਇਆ) ਹੱਛਾ ਇਹ ਗੁੰਨ੍ਹੀ ਹੋਈ ਮਿੱਟੀ ਇਸ ਵਿੱਚ ਤੁੰਨ ਕੇ ਭਰ ਦੇਹ ਅਤੇ ਫੇਰ ਧਰਤੀ ਉੱਤੇ ਮੂਧੀ ਮਾਰ ਕੇ ਬਾਹਰ ਕੱਢ ਦੇਹ ।

ਕਾਕੇ ਨੇ ਪਿਤਾ ਦੇ ਦੱਸੇ ਵਾਙ ਸਾਰਾ ਕੰਮ ਕੀਤਾ ਅਤੇ ਉਹ ਗੁੰਨ੍ਹੀ ਹੋਈ ਮਿੱਟੀ ਚੌਕੋਣੀ ਹੋ ਕੇ ਬਾਹਰ ਆ ਪਈ !

ਪਿਤਾ—ਲੈ ਭਈ ਅੱਧੀ ਇੱਟ ਤਾਂ ਤੇਰੀ ਬਣ ਗਈ ।

ਕਾਕਾ—ਵੁੱਟੀ ਤਾਂ ਨਹੀਂ, ਫੇਰ ਤੁਸੀਂ ਅੱਧੀ ਕਿਉਂ ਆਖਦੇ ਹੋ ?

ਪਿਤਾ—ਹਾਂ ਭਈ ਮੈਂ ਭੁੱਲ ਗਿਆ ! ਮੈਂ ਇਹ ਆਖਿਆ ਹੈ ਕਿ ਅੱਧਾ ਕੰਮ ਹੁਣ ਪੂਰਾ ਹੋ ਗਿਆ ਹੈ । ਹੁਣ ਇਸ ਨੂੰ ਦੋ ਤਿੰਨ ਦਿਨ ਤਕ ਸੁੱਕਣ ਦੇਹ ।

ਇੱਟ ਦੇ ਸੁਕਦਿਆਂ ਤੀਕ ਕਾਕੇ ਨੂੰ ਏਨਾਂ ਫਿਕਰ ਲੱਗਾ ਰਿਹਾ ਕਿ ਦਿਨ ਵਿਚ ਉਹ ਸੌ ਸੌ ਵਾਰੀ ਜਾ ਕੇ ਉਸ ਇੱਟ ਨੂੰ ਵੇਖਦਾ ਭਈ ਸੁੱਕ ਗਈ ਹੈ ਕਿ ਨਹੀਂ । ਇੱਥੋਂ ਤਕ ਕਿ

ਬਾਰ ਬਾਰ ਚੁੱਕਣ ਧਰਨ ਕਰ ਕੇ ਇੱਟ ਕੁਝ ਵਿੰਗੀ ਭੀ ਹੋ ਗਈ । ਛੇਕੜ ਤੀਜੇ ਦਿਨ ਸੁੱਕ ਗਈ।

ਕਾਕਾ–ਲਉ ਭਾਈਆ ਜੀ ! ਹੁਣ ਤਾਂ ਇੱਟ ਸੁੱਕ ਗਈ ਹੈ । ਤੁਸੀਂ ਆਖਦੇ ਸਾਓ, ਸੁੱਕ ਕੇ ਇਹ ਇੱਟ ਬਣ ਜਾਵੇਗੀ । ਇਹ ਤਾਂ ਓਵੇਂ ਦੀ ਓਵੇਂ ਹੈ, ਲਾਲ ਤਾਂ ਹੋਈ ਨਹੀਂ ।

ਪਿਤਾ–ਵੇਖ ! ਹੁਣੇ ਲਾਲ ਭੀ ਹੋ ਜਾਂਦੀ ਹੈ । ਜਦ ਰੋਟੀ ਪੱਕ ਚੁੱਕੇ ਤਾਂ ਮੈਨੂੰ ਆ ਕੇ ਦੱਸੀਂ । ਫੇਰ ਮੈਂ ਤੈਨੂੰ ਚੁੱਲ੍ਹੇ ਦੀ ਅੱਗ ਨਾਲ ਇੱਟ ਲਾਲ ਕਰ ਦਿਆਂਗਾ ।

ਕਾਕੇ ਹੁਰੀਂ ਹੁਣ ਚੁੱਲ੍ਹੇ ਦੀ ਸਿਰ੍ਹਾਂਦੀ ਬੈਠ ਗਏ ਅਤੇ ਮਾਂ ਨੂੰ ਆਖਣ ਲਗੇ, 'ਛੇਤੀ ਛੇਤੀ ਰੋਟੀ ਪਕਾ; ਭਾਈਏ ਹੁਰਾਂ ਮੈਨੂੰ ਚੁੱਲ੍ਹੇ ਦੀ ਅੱਗ ਨਾਲ ਇੱਟ ਲਾਲ ਕਰ ਕੇ ਵਿਖਾਲਣੀ ਹੈ।' ਮਾਂ ਨੇ ਵੀ ਬੱਚੇ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਸੁਣ ਕੇ ਛੇਤੀ ਛੇਤੀ ਰੋਟੀ ਪਕਾ ਲਈ ਅਤੇ ਕਾਕੇ ਨੇ ਭਾਈਆ ਜੀ ਨੂੰ ਜਾ ਖੁਸ਼ਖਬਰੀ ਸੁਣਾਈ:–

ਭਾਈਆ ਜੀ ! ਰੋਟੀ ਪਕ ਗਈ । ਹੁਣ ਚੁਲ੍ਹ ਵਿਹਲੀ ਪਈ ਹੈ।

ਪਿਤਾ—ਹਛਾ ! ਉਹ ਕੱਚੀ ਇੱਟ ਚੁਕ ਲਿਆ।

ਕਾਕੇ ਨੇ ਇੱਟ ਪਹਿਲਾਂ ਤੋਂ ਹੀ ਪਿੱਠ ਪਿੱਛੇ ਹੱਥਾਂ ਨਾਲ ਲੁਕਾਈ ਹੋਈ ਸੀ। ਭਾਈਏ ਹੁਰਾਂ ਦਾ ਹੁਕਮ ਸੁਣਦਿਆਂ ਹੀ ਉਸ ਨੇ ਉਹ ਇੱਟ ਅੱਗੇ ਧਰ ਦਿਤੀ । ਭਾਈ ਗਿਆਨ ਸਿੰਘ ਨੇ ਉਸ ਨੂੰ ਚੁਲ੍ਹੇ ਦੇ ਮਘਦੇ ਮਘਦੇ ਅੰਗਾਰਿਆਂ ਵਿਚ ਪੂਰ ਕੇ ਉਪਰੋਂ ਸੁਆਹ ਪਾ ਦਿਤੀ।

ਕਾਕਾ—ਹੁਣ ਤਾਂ ਇੱਟ ਦਿਸਦੀ ਵੀ ਨਹੀਂ। ਕੀ ਇਹ ਸਚ ਮੁਚ ਦੀ ਇੱਟ ਬਣ ਜਾਵੇਗੀ ?

ਗਿਆਨ ਸਿੰਘ—ਆਹੋ।

ਕਾਕਾ—ਤੇ ਇਸ ਨੂੰ ਰੰਗੇਗਾ ਕੌਣ ?

ਗਿਆਨ ਸਿੰਘ—ਅੱਗ ਇੱਟ ਨੂੰ ਪਕਾ ਕੇ ਲਾਲ ਕਰ ਦੇਵੇਗੀ । ਪਰ ਸੰਧਿਆ ਤਕ ਤੂੰ ਇਸ ਨੂੰ ਛੇੜੀਂ ਨਾ; ਨਹੀਂ ਤਾਂ ਕੱਚੀ ਰਹਿ ਜਾਊਗੀ।

ਭਾਈ ਗਿਆਨ ਸਿੰਘ ਹੁਰੀਂ ਏਨਾਂ ਕੁਝ ਆਖ ਕੇ ਅਤੇ ਕਾਕੇ ਨੂੰ ਖ਼ਬਰਦਾਰ ਕਰ ਕੇ

ਬਾਹਰ ਚਲੇ ਗਏ । ਕਾਕੇ ਹੁਰੀਂ ਘਰ ਵਿਚ ਖੇਡਦੇ ਰਹੇ । ਸਾਰਾ ਦਿਨ ਖੇਡਦੇ ਨੂੰ ਸੰਧਿਆ ਪੈ ਗਈ । ਭਾਈ ਗਿਆਨ ਸਿੰਘ ਹੁਰੀਂ ਭੀ ਬਾਹਰੋਂ ਆ ਗਏ । ਉਨ੍ਹਾਂ ਨੂੰ ਆਇਆ ਵੇਖ ਕੇ ਚਤਰ ਸਿੰਘ ਭੀ ਪਾਸ ਆ ਖੜਾ ਹੋਇਆ ਅਤੇ ਫੇਰ ਇੱਟ ਦੀ ਕਹਾਣੀ ਸ਼ੁਰੂ ਕਰ ਦਿੱਤੀ । ਓਧਰ ਇੱਟ ਭੀ ਪੱਕ ਕੇ ਲਾਲ ਹੋ ਚੁਕੀ ਸੀ ।

ਕਾਕਾ—ਭਾਈਆ ਜੀ ! ਹੁਣ ਤਾਂ ਅੱਗ ਬੁਝ ਗਈ ਹੈ । ਇੱਟ ਨੂੰ ਬਾਹਰ ਕੱਢ ਕੇ ਵੇਖੋ ਲਾਲ ਹੋਈ ਹੈ ਕਿ ਨਹੀਂ ।

ਭਾਈਆ—ਬਹੁਤ ਅੱਛਾ ਜੀ ! ਲਉ ਕੱਢਦੇ ਹਾਂ । ਲਾਲ ਹੋ ਗਈ ਹੋਵੇਗੀ ।

ਇਹ ਆਖ ਕੇ ਭਾਈ ਗਿਆਨ ਸਿੰਘ ਜੀ ਨੇ ਚਿਮਟਾ ਹੱਥ ਵਿੱਚ ਲੈ ਕੇ ਪਹਿਲੋਂ ਇੱਟ ਉੱਪਰ ਦੀ ਸੁਆਹ ਹਟਾਈ ਅਤੇ ਫੇਰ ਚਿਮਟੇ ਨਾਲ ਫੜ ਕੇ ਇੱਟ ਬਾਹਰ ਕੱਢੀ । ਕਾਕਾ ਲਾਲ ਲਾਲ ਇੱਟ ਵੇਖ ਕੇ ਬੜਾ ਖੁਸ਼ ਹੋਇਆ ਤੇ ਨੱਚਣ ਟੱਪਣ ਲੱਗ ਪਿਆ । ਉਹ ਇੱਟ ਨੂੰ

ਫੜਨ ਹੀ ਲੱਗਾ ਸੀ ਕਿ ਉਸ ਦੇ ਪਿਤਾ ਨੇ ਆਖਿਆ, 'ਵੇਖੋ ਕਾਕਾ ਜੀ ! ਕਿਤੇ ਹੱਥ ਨਾ ਸਾੜ ਲੈਣੇ । ਇਸ ਇੱਟ ਦੇ ਪੇਟ ਵਿੱਚ ਅੱਗ ਬੈਠੀ ਹੋਈ ਹੈ, ਮੈਂ ਹੁਣੇ ਉਸ ਨੂੰ ਕੱਢ ਸੁਟਦਾ ਹਾਂ ।' ਇਹ ਆਖ ਕੇ ਉਨ੍ਹਾਂ ਨੇ ਉਸ ਤੇ ਥੋੜਾ ਜਿਹਾ ਪਾਣੀ ਪਾਇਆ ਤਾਂ ਇੱਟ ਵਿੱਚੋਂ ਸੂੰ ਸੂੰ ਦੀ ਅਵਾਜ਼ ਨਿਕਲੀ । ਫੇਰ ਹੋਰ ਪਾਣੀ ਪਾਇਆ; ਫੇਰ ਉਸੇ ਤਰ੍ਹਾਂ ਦੀ ਅਵਾਜ਼ ਨਿਕਲੀ । ਹੁਣ ਕਾਕੇ ਪਾਸੋਂ ਰਿਹਾ ਨਾ ਗਿਆ ਅਤੇ ਉਸ ਨੇ ਪੁੱਛ ਹੀ ਲਿਆ:-

ਭਾਈਆ ਜੀ ! ਪਾਣੀ ਪਾਇਆਂ ਸੂੰ ਸੂੰ ਕੀ ਹੁੰਦੀ ਹੈ ।

ਗਿਆਨ ਸਿੰਘ-ਪੁੱਤ ! ਇਹ ਪਾਣੀ ਦੇ ਸੜਨ ਦੀ ਅਵਾਜ਼ ਹੈ । ਅਸੀਂ ਥੋੜਾ ਥੋੜਾ ਪਾਣੀ ਪਾਉਂਦੇ ਹਾਂ ਤਾਂ ਅੱਗ ਉਸ ਨੂੰ ਸਾੜ ਸੁਟਦੀ ਹੈ ਅਤੇ ਇਸੇ ਕਰ ਕੇ ਸੂੰ ਸੂੰ ਦੀ ਅਵਾਜ਼ ਆਉਂਦੀ ਹੈ । ਜੇਕਰ ਇਕਸੇ ਵਾਰ ਬਹੁਤਾ ਪਾਣੀ ਪਾ ਦੇਈਏ ਜਾਂ ਇੱਟ ਨੂੰ ਬਹੁਤ ਸਾਰੇ ਪਾਣੀ

ਵਿੱਚ ਡੋਬ ਦੇਈਏ ਤਾਂ ਉਸੇ ਵੇਲੇ ਅੱਗ ਬੁਝ ਜਾਏ।

ਕਾਕਾ—ਹੱਛਾ ਭਾਈਆ ਜੀ ! ਇਹ ਧੂਆਂ ਕਿੱਥੋਂ ਆਉਂਦਾ ਹੈ ?

ਗਿਆਨ ਸਿੰਘ—ਕਾਕਾ ! ਇਹ ਧੂਆਂ ਨਹੀਂ, ਇਹ ਭਾਫ਼ ਹੈ। ਧੂਆਂ ਲਕੜੀ ਅਤੇ ਕੋਲਿਆਂ ਵਿੱਚੋਂ ਨਿਕਲਦਾ ਹੈ। ਭਾਫ਼ ਪਾਣੀ ਵਿੱਚੋਂ ਉਠਦੀ ਹੈ।

ਏਨੇ ਚਿਰ ਵਿੱਚ ਇੱਟ ਚੰਗੀ ਤਰ੍ਹਾਂ ਠੰਢੀ ਹੋ ਗਈ। ਚਤਰ ਸਿੰਘ ਨੂੰ ਚੰਗੀ ਤਰ੍ਹਾਂ ਇਹ ਮਲੂਮ ਹੋ ਗਿਆ ਕਿ ਇੱਟ ਮਿੱਟੀ ਦੀ ਹੀ ਬਣਦੀ ਹੈ।

ਇੱਟ ਦੇ ਇਸ ਕੰਮ ਨੇ ਉਸ ਨੂੰ ਇਕ ਚੰਗੇ ਆਹਰੇ ਲਾ ਦਿੱਤਾ। ਉਹ ਰੋਜ ਮਿੱਟੀ ਦੇ ਕਈ ਪਰਕਾਰ ਦੇ ਖਿਡੌਣੇ ਬਣਾ ਕੇ ਅੱਗ ਵਿੱਚ ਦੱਬਣ ਲਗ ਪਿਆ। ਜਦ ਉਹ ਠੀਕ ਪੱਕ ਜਾਂਦੇ ਤਾਂ ਉਨ੍ਹਾਂ ਨੂੰ ਸੰਭਾਲ ਕੇ ਕੱਢ ਲੈਂਦਾ ਅਤੇ ਭਾਈਏ ਹੁਰਾਂ ਨੂੰ ਜਾ ਵਿਖਾਲਦਾ। ਭਾਈਏ ਹੁਰੀਂ ਭੀ ਉਸ ਦੇ ਇਸ ਕੰਮ ਤੋਂ ਬਹੁਤ ਖੁਸ਼ ਹੁੰਦੇ ਅਤੇ ਉਸ ਨੂੰ ਸ਼ਾਬਾਸ਼ ਦੇਂਦੇ। ਇਸ ਤਰ੍ਹਾਂ ਉਸ ਨੇ ਕਈ ਪਰਕਾਰ ਦੇ ਖਿਡੌਣੇ ਬਣਾ ਕੱਢੇ।

# ਰਸੋਈ ਘਰ ਵਿੱਚ

ਇਕ ਦਿਨ ਦੀ ਗੱਲ ਹੈ, ਰੋਟੀ ਖਾਣ ਪਿੱਛੋਂ ਕਾਕੇ ਚਤਰ ਸਿੰਘ ਨੇ ਰੋਟੀ ਦੀਆਂ ਹੀ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ । ਉਸ ਦਿਨ ਪਰਸ਼ਾਦਾ ਖ਼ਾਸ ਤੌਰ ਤੇ ਸੁਆਦੀ ਪੱਕਾ ਸੀ ਤੇ ਕਾਕਾ ਚਤਰ ਸਿੰਘ ਰੋਟੀ ਦੀਆਂ ਤਾਰੀਫ਼ਾਂ ਦੇ ਪੁੱਲ ਬੰਨ੍ਹੀ ਜਾਂਦਾ ਸੀ । ਭਾਈ ਗਿਆਨ ਸਿੰਘ ਨੇ ਮੌਕਾ ਤਾੜ ਕੇ ਪੁਛਿਆ :-

ਕਾਕਾ ! ਤੂੰ ਜਾਣਦਾ ਹੈਂ ਤੇਰੀ ਰੋਟੀ ਕਿਸ ਚੀਜ਼ ਦੀ ਪਕਦੀ ਹੈ ?

ਕਾਕਾ–ਆਹੋ। ਕਣਕ ਦੀ।

ਗਿਆਨ ਸਿੰਘ–ਕਣਕ ਕਿੱਡੀ ਵੱਡੀ ਹੁੰਦੀ ਹੈ ?

ਕਾਕਾ–ਜੌਂ ਜਿੰਨੀ ।

ਗਿਆਨ ਸਿੰਘ–ਇੰਨੀ ਛੋਟੀ ਚੀਜ਼ ਦੀ ਇੱਡੀ ਵੱਡੀ ਰੋਟੀ ਕਿਵੇਂ ਬਣ ਗਈ ?

ਕਾਕਾ–ਚੱਕੀ ਨਾਲ ਪੀਹ ਕੇ ਆਟਾ ਬਣਾਇਆ ਤੇ ਫਿਰ ਮਾਂ ਜੀ ਨੇ ਉਸ ਆਟੇ ਨੂੰ ਗੁੰਨ੍ਹ ਕੇ ਰੋਟੀ ਬਣਾ ਲਈ।

ਗਿਆਨ ਸਿੰਘ—ਹੱਛਾ! ਰੋਟੀ ਕਣਕ ਦੀ ਹੀ ਬਣਦੀ ਹੈ ਕਿ ਹੋਰ ਕਿਸੇ ਵਸਤ ਦੀ ਭੀ ?

ਕਾਕਾ—ਹੋਰ ਭੀ ਕਈ ਚੀਜ਼ਾਂ ਦੀ ਬਣਦੀ ਹੈ। ਜੌਂ ਦੀ, ਬਾਜਰੇ ਦੀ, ਜੁਆਰ ਦੀ, ਮੱਕੀ ਦੀ, ਛੋਲਿਆਂ ਦੀ, ਚਾਵਲਾਂ ਦੀ।

ਗਿਆਨ ਸਿੰਘ— ਹੱਛਾ ਕਣਕ ਕਿੱਥੋਂ ਆਉਂਦੀ ਹੈ ?

ਕਾਕਾ—ਬਜ਼ਾਰੋਂ ਆਉਂਦੀ ਹੈ।

ਗਿਆਨ ਸਿੰਘ—ਬਜ਼ਾਰੋਂ ਕਿੱਥੋਂ ਆਉਂਦੀ ਹੈ?

ਕਾਕਾ—ਵਾਹਿਗੁਰੂ ਜਾਣੇ !

ਗਿਆਨ ਸਿੰਘ—ਵਾਹ ਭਈ ਵਾਹ! ਤੂੰ ਵੀ ਆਖੇਂਗਾ, ਮੈਂ ਆਦਮੀ ਹਾਂ। ਭਲਾ ਵਾਹਿਗੁਰੂ ਦੇ ਘਰ ਕਣਕ ਦੀ ਖੇਤੀ ਹੁੰਦੀ ਹੈ ? ਬਜ਼ਾਰ ਵਿਚ ਤਾਂ ਖੇਤਾਂ ਤੋਂ ਆਉਂਦੀ ਹੈ।

ਕਾਕਾ—ਹੱਛਾ ਫੇਰ ਖੇਤ ਵਿੱਚ ਕਿੱਥੋਂ ਆਈ ?

ਗਿਆਨ ਸਿੰਘ—ਖੇਤ ਵਿਚ ਪੈਦਾ ਹੋਈ।

ਕਾਕਾ—ਖੇਤ ਕੌਣ ਹੈ ? ਮੈਂ ਤਾਂ ਖੇਤ ਨੂੰ ਜਾਣਦਾ ਭੀ ਨਹੀਂ।

ਗਿਆਨ ਸਿੰਘ—ਹੱਛਾ ! ਆਪਣੇ ਘਰ ਦੀਆਂ ਕਿਆਰੀਆਂ ਤਾਂ ਜਾਣਦਾ ਹੈਂ ਕਿ ਨਹੀਂ ?

ਕਾਕਾ--ਆਹੋ, ਜਾਣਦਾ ਹਾਂ । ਉਨ੍ਹਾਂ ਵਿੱਚੋਂ ਤਾਂ ਰੋਜ ਪੂਦਨਾ, ਸਾਗ ਅਤੇ ਫੁੱਲ ਤੋੜ ਕੇ ਲਿਆਉਂਦਾ ਹੁੰਦਾ ਹਾਂ ।

ਗਿਆਨ ਸਿੰਘ—ਬਸ ਇਹੋ ਜਿਹੀਆਂ ਵੱਡੀਆਂ ਵੱਡੀਆਂ ਕਿਆਰੀਆਂ ਦਾ ਨਾਉਂ ਖੇਤ ਹੈ ।

ਕਾਕਾ—ਤਾਂ ਉਥੇ ਕਣਕ ਕਿਵੇਂ ਪੈਦਾ ਹੁੰਦੀ ਹੈ ?

ਗਿਆਨ ਸਿੰਘ—ਜਿਸ ਤਰ੍ਹਾਂ ਅਸੀਂ ਧਨੀਆਂ, ਸਰ੍ਹੋਂ, ਮੂਲੀਆਂ ਅਤੇ ਫੁਲ ਬੀਜਦੇ ਹਾਂ, ਇਸੇ ਤਰ੍ਹਾਂ ਕਣਕ ਭੀ ਬੀਜੀ ਜਾਂਦੀ ਹੈ ।

ਕਾਕਾ—ਹੱਛਾ ਬੀਜਣ ਨਾਲ ਕੀ ਹੁੰਦਾ ਹੈ ?

ਗਿਆਨ ਸਿੰਘ—ਇਕ ਦਾਣੇ ਦੇ ਅਨੇਕ ਦਾਣੇ ਹੋ ਜਾਂਦੇ ਹਨ ।

ਕਾਕਾ—ਧਨੀਆਂ ਤੇ ਸਾਗ ਤਾਂ ਹਰੇ ਹਰੇ ਹੁੰਦੇ ਹਨ ; ਕਣਕ ਤੇ ਹਰੀ ਨਹੀਂ ਹੁੰਦੀ ।

ਗਿਆਨ ਸਿੰਘ—ਜਦ ਕਣਕ ਨਵੀਂ ਨਵੀਂ ਉਗਦੀ ਹੈ ਤਾਂ ਉਹ ਭੀ ਹਰੀ ਹਰੀ ਹੁੰਦੀ ਹੈ ।

ਫੇਰ ਜਦ ਉਸ ਨੂੰ ਸਿੱਟੀਆਂ ਪੈ ਜਾਂਦੀਆਂ ਹਨ ਤਾਂ ਪੱਕ ਕੇ ਹੋਰ ਰੰਗ ਹੋ ਜਾਂਦਾ ਹੈ।

ਕਾਕਾ—ਕੀ ਕਣਕ ਦੀਆਂ ਭੀ ਸਿੱਟੀਆਂ ਹੁੰਦੀਆਂ ਹਨ ?

ਗਿਆਨ ਸਿੰਘ—ਆਹੋ! ਜਿਸ ਤਰ੍ਹਾਂ ਜੁਆਰ ਬਾਜਰੇ ਦੀਆਂ ਹੁੰਦੀਆਂ ਹਨ। ਬੈਠਕ ਵਿੱਚ ਜਾ ਕੇ ਮੇਜ਼ ਉਪਰੋਂ ਚਾਰ ਪੰਜ ਸਿੱਟੀਆਂ ਚੁਕ ਲਿਆ; ਮੈਂ ਤੇਰੇ ਵੇਖਣ ਵਾਸਤੇ ਹੀ ਅੱਜ ਲਿਆ ਰੱਖੀਆਂ ਹਨ।

ਇਹ ਸੁਣਦਿਆਂ ਹੀ ਕਾਕਾ ਚਾਈਂ ਚਾਈਂ ਉਠ ਕੇ ਬੈਠਕ ਵੱਲ ਦੌੜਿਆ ਗਿਆ ਅਤੇ ਮੇਜ਼ ਉਪਰੋਂ ਕਣਕ ਦੀਆਂ ਸਿੱਟੀਆਂ ਲੈ ਆਇਆ।

ਕਾਕਾ—ਹੱਛਾ ਭਾਈਆ ਜੀ! ਇਨ੍ਹਾਂ ਵਿੱਚ ਕਣਕ ਕਿੱਥੇ ਹੈ?

ਗਿਆਨ ਸਿੰਘ—ਇੱਕ ਸਿੱਟੀ ਨੂੰ ਹੱਥ ਨਾਲ ਮਲ ਸੁੱਟ ਤਾਂ ਤੈਨੂੰ ਨਜ਼ਰ ਆ ਜਾਵੇਗੀ।

ਕਾਕਾ—ਪਹਿਲਾਂ ਮੈਂ ਛਿੱਲੜ ਲਾਹੁੰਦਾ ਹਾਂ।

ਗਿਆਨ ਸਿੰਘ—ਹੱਛਾ।

ਚਤਰ ਸਿੰਘ ਨੇ ਇਕ ਘਰ ਨੂੰ ਫੋਲ ਕੇ ਡਿੱਠਾ ਤੇ ਝਟ ਆਖਣ ਲੱਗਾ, 'ਭਾਈਆ ਜੀ! ਇਨ੍ਹਾਂ ਛੋਟੇ ਛੋਟੇ ਘਰਾਂ ਵਿਚ ਕਣਕ ਇਸ ਤਰ੍ਹਾਂ ਬੈਠੀ ਹੋਈ ਹੈ ਜਿਸ ਤਰ੍ਹਾਂ ਸਾਡੇ ਕੋਠੇ ਉੱਪਰ ਲੱਗੇ ਹੋਏ ਮਖੀਰ ਵਿੱਚ ਮੱਖੀਆਂ ਬੈਠੀਆਂ ਹੋਈਆਂ ਹੁੰਦੀਆਂ ਹਨ।'

ਗਿਆਨ ਸਿੰਘ–ਆਹੋ, ਉਸੇ ਤਰ੍ਹਾਂ ਹੀ।

ਇਨ੍ਹਾਂ ਗੱਲਾਂ ਨਾਲ ਚਤਰ ਸਿੰਘ ਦਾ ਅਨੁਭਵ ਵੱਧ ਗਿਆ ਅਤੇ ਉਸ ਨੂੰ ਇੰਨਾਂ ਸ਼ੌਕ ਲੱਗਾ ਕਿ ਉਹ ਰੋਜ਼ ਕਿਸੇ ਨਾ ਕਿਸੇ ਨਵੀਂ ਚੀਜ਼ ਦੀ ਬਾਬਤ ਉੱਤਰ ਪ੍ਰਸ਼ਨ ਕਰਦਾ ਰਹਿੰਦਾ। ਫਲਾਣੀ ਚੀਜ਼ ਕਿੱਥੋਂ ਆਈ ਹੈ? ਕਿਸ ਤਰ੍ਹਾਂ ਬਣਦੀ ਹੈ? ਕਿਸ ਕੰਮ ਆਉਂਦੀ ਹੈ? ਜੇਕਰ ਭਾਈਏ ਹੁਰੀਂ ਘਰ ਵਿਚ ਹੁੰਦੇ ਤਾਂ ਉਨ੍ਹਾਂ ਕੋਲੋਂ ਪੁੱਛਦਾ। ਜੇ ਉਹ ਨਾ ਹੁੰਦੇ ਤਾਂ ਆਪਣੀ ਮਾਂ ਅਥਵਾ ਭੈਣ ਪਾਸੋਂ ਹੀ ਉਸ ਦੀ ਬਾਬਤ ਪੁੱਛ ਲੈਂਦਾ। ਇਸ ਤਰ੍ਹਾਂ ਥੋੜੇ ਹੀ ਦਿਨਾਂ ਵਿੱਚ ਚਤਰ ਸਿੰਘ ਨੇ ਬਹੁਤ ਕੁਝ ਜਾਣ ਲਿਆ।

# ਮਹਿੰਦੀ ਦੀ ਕਹਾਣੀ

ਗਰਮੀਆਂ ਦੇ ਦਿਨ ਹਨ। ਸਾਰਾ ਸੰਸਾਰ ਭਠ ਵਾਙ ਤਪ ਰਿਹਾ ਹੈ। ਪੌਣ ਵੀ ਗਰਮ ਅਤੇ ਪਾਣੀ ਭੀ ਗਰਮ। ਜਿਧਰ ਦੇਖੋ ਗਰਮੀ ਦਾ ਹੀ ਬਜ਼ਾਰ ਗਰਮ ਹੈ। ਹਰ ਕੋਈ ਇਹੋ ਆਖਦਾ ਹੈ, 'ਅੱਜ ਡਾਢੀ ਗਰਮੀ ਹੈ! ਅੱਜ ਤਾਂ ਹੱਦ ਲੱਥੀ ਹੋਈ ਹੈ! ਗਰਮੀ ਹੈ ਕਿ ਕਹਿਰ ਵਰਤ ਰਿਹਾ ਹੈ! ਵੇਖੋ ਤਾਂ ਚਿੱੜੀਆਂ ਕਿਸ ਤਰ੍ਹਾਂ ਮੂੰਹ ਪਾੜ ਕੇ ਬੈਠੀਆਂ ਹੋਈਆਂ ਹਨ! ਵੇਖੋ ਤਾਂ ਕੁੱਤੇ ਕਿਸ ਤਰ੍ਹਾਂ ਹੱਫ ਹੱਫ ਕਰ ਰਹੇ ਹਨ!' ਗਰਮੀ ਨੇ ਸਭ ਲੋਕਾਂ ਨੂੰ ਘਬਰਾ ਦਿੱਤਾ ਹੈ। ਕੋਈ ਠੰਢਾਈ ਪੀ ਰਿਹਾ ਹੈ। ਕੋਈ ਕੱਚੇ ਦੁੱਧ ਦੀਆਂ ਲੱਸੀਆਂ ਬਣਾ ਬਣਾ ਕੇ ਪੀ ਰਿਹਾ ਹੈ। ਕੋਈ ਹੋਰ ਕੁਛ ਨਹੀਂ ਤਾਂ ਪੇੜੇ ਹੀ ਘੋਲ ਕੇ ਉਨ੍ਹਾਂ ਦੀ ਲੱਸੀ ਬਣਾ ਰਿਹਾ ਹੈ। ਇਸ ਤਰ੍ਹਾਂ ਹਰ ਇਕ ਆਦਮੀ ਗਰਮੀ ਦੀ ਨਵਿਰਤੀ ਲਈ ਕੁਝ ਨਾ ਕੁਝ ਕਰ ਰਿਹਾ ਹੈ।

ਅਜਿਹੀ ਤਪਸ਼ ਵੇਖ ਕੇ ਇਕ ਦਿਨ ਕਾਕੇ ਚਤਰ ਸਿੰਘ ਦੀ ਮਾਂ ਨੇ ਪੈਰਾਂ ਦੀਆਂ ਤਲੀਆਂ ਨੂੰ ਲਾਉਣ ਲਈ ਮਹਿੰਦੀ ਘੋਲੀ। ਮਾਂ ਨੂੰ ਮਹਿੰਦੀ ਘੋਲਦਿਆਂ ਵੇਖ ਕੇ ਕਾਕੇ ਹੁਰੀਂ ਭੀ ਪਾਸ ਆ ਡਟੇ। ਮਾਂ ਦੀ ਅੱਖ ਬਚਾ ਕੇ ਟੁਗ ਭਰ ਲਿਆ ਅਤੇ ਦੋਹਾਂ ਹੱਥਾਂ ਨੂੰ ਮਲ ਲਈ। ਬਸ ਥੋੜੀ ਦੇਰ ਦੇ ਬਾਦ ਦੋਵੇਂ ਹੱਥ ਲਾਲ ਹੋ ਗਏ। ਧੋ ਧਾ ਕੇ ਮਾਂ ਦੇ ਸਾਮ੍ਹਣੇ ਜਾ ਖੜਾ ਹੋਇਆ ਅਤੇ ਮੁਸਕਰਾਉਣ ਲਗਾ। ਮਾਂ ਨੇ ਇਹ ਵੇਖ ਕੇ ਹੱਸ ਕੇ ਕਿਹਾ, 'ਹਤ ਤੇਰੀ ! ਮੇਰੀ ਅੱਖ ਬਚਾ ਕੇ ਤੂੰ ਹੱਥ ਰੰਗ ਹੀ ਲਏ !'

ਕਾਕਾ—ਮਾਂ ਜੀ ! ਮਹਿੰਦੀ ਤਾਂ ਹਰੀ ਹਰੀ ਹੁੰਦੀ ਹੈ, ਫੇਰ ਘੋਲ ਕੇ ਲਾਉਣ ਨਾਲ ਲਾਲ ਰੰਗ ਕਿਉਂ ਕਰ ਦੇਂਦੀ ਹੈ ?

ਮਾਂ—ਪੁੱਤ ! ਇਸ ਦਾ ਅਸਲੀ ਰੰਗ ਲਾਲ ਹੈ। ਦੇਖਣ ਨੂੰ ਉਹ ਉਪਰੋਂ ਭਾਵੇਂ ਹਰੀ ਹੀ ਲਗਦੀ ਹੈ ਪਰ ਘੋਲ ਕੇ ਲਾਈਏ ਤਾਂ ਲਾਲ ਰੰਗ ਕਢਦੀ ਹੈ।

ਕਾਕਾ—ਮਾਂ ਜੀ ! ਲੋਕੀਂ ਮਹਿੰਦੀ ਕਾਸ ਨੂੰ ਲਾਉਂਦੇ ਹਨ ?

ਮਾਂ—ਪੁੱਤ ! ਵਿਆਹ ਸ਼ਾਦੀਆਂ ਵਿੱਚ ਤਾਂ ਖ਼ੁਸ਼ੀ ਕਰਨ ਲਈ ਲਾਉਂਦੇ ਹਨ ਅਤੇ ਅੱਜ ਕਲ੍ਹ ਠੰਢਕ ਵਾਸਤੇ ਲਾਉਂਦੇ ਹਨ । ਮਹਿੰਦੀ ਲਾਇਆਂ ਸਰੀਰ ਵਿੱਚ ਕੁਝ ਠੰਢ ਪੈ ਜਾਂਦੀ ਹੈ ।

ਕਾਕਾ—ਫੇਰ ਮਾਂ ਜੀ ! ਸਿਆਲ ਨੂੰ ਮਹਿੰਦੀ ਲਾਈ ਹੋਈ ਗਰਮੀ ਕਰਦੀ ਹੋਵੇਗੀ ?

ਮਾਂ—ਬਿਲਕੁਲ ਨਹੀਂ । ਮਹਿੰਦੀ ਦਾ ਗੁਣ ਠੰਢਾ ਹੈ ।

ਕਾਕਾ—ਫੇਰ ਮਾਂ ਜੀ ! ਸਾਡੇ ਨੱਗਰ ਦੇ ਕਈ ਬੁੱਢੇ ਮਰਦ ਅਤੇ ਤੀਵੀਆਂ ਸਿਆਲ ਵਿਚ ਕਿਉਂ ਲਾਉਂਦੇ ਹਨ ? ਸਿਆਲੇ ਦੇ ਹੋਣ ਕਰ ਕੇ ਉਨ੍ਹਾਂ ਨੂੰ ਠੰਢ ਨਹੀਂ ਕਰਦੀ ?

ਮਾਂ—ਪੁੱਤ ! ਉਹ ਆਪਣੇ ਸ਼ਿੰਗਾਰ ਵਾਸਤੇ ਲਾਉਂਦੇ ਹਨ ।

ਕਾਕਾ—ਮਾਂ ਜੀ ! ਸ਼ਿੰਗਾਰ ਕੀ ਹੁੰਦਾ ਹੈ ?

ਮਾਂ—ਪੁੱਤ ! ਉਹ ਆਪਣੇ ਬੁਢਾਪੇ ਨੂੰ ਲੁਕੌਣ

ਲਈ ਮਹਿੰਦੀ ਲਾਉਂਦੇ ਹਨ ।

ਕਾਕਾ—ਕੀ ਉਹ ਮਹਿੰਦੀ ਲਾਉਣ ਨਾਲ ਜੁਆਨ ਹੋ ਜਾਂਦੇ ਹਨ ?

ਮਾਂ—ਨਹੀਂ ਕਾਕਾ ! ਮਹਿੰਦੀ ਲਾਉਣ ਦਾ ਉਨ੍ਹਾਂ ਦਾ ਮਤਲਬ ਇਹ ਹੁੰਦਾ ਹੈ ਕਿ ਸਾਡੇ ਚਿੱਟੇ ਵਾਲ ਕਾਲੇ ਜਾਂ ਲਾਲ ਹੋ ਜਾਣ ਤਾਂ ਜੋ ਸਾਨੂੰ ਬੁੱਢਾ ਕੋਈ ਨਾ ਆਖੇ । ਪਰ ਉਨ੍ਹਾਂ ਦੀ ਇਹ ਮੂਰਖਤਾ ਹੈ । ਸਿੱਖਾਂ ਵਿੱਚ ਮਹਿੰਦੀ ਲਾ ਕੇ ਜਾਂ ਹੋਰ ਕਿਸੇ ਕਿਸਮ ਦਾ ਕਲਫ਼ ਲਾ ਕੇ ਆਪਣੇ ਵਾਲਾਂ ਨੂੰ ਕਾਲਾ ਜਾਂ ਲਾਲ ਕਰਨਾ ਮਨ੍ਹਾ ਹੈ ।

ਕਾਕਾ—ਮਾਂ ਜੀ, ਮਨ੍ਹਾ ਕਿਉਂ ਹੈ ?

ਮਾਂ—ਇਸ ਵਾਸਤੇ ਕਿ ਇਹ ਇਕ ਪਖੰਡ ਹੈ, ਝੂਠ ਹੈ । ਬੁਢਾਪੇ ਨੂੰ ਲੁਕਾ ਕੇ ਜੁਆਨੀ ਵਿਖਾਲਣੀ ਇੱਕ ਛਲ ਹੈ ।

ਕਾਕਾ—ਮਾਂ ਜੀ ! ਕਲਫ਼ ਕੀ ਹੁੰਦਾ ਹੈ ?

ਮਾਂ—ਪੁਤ ! ਕਲਫ ਇੱਕ ਦਵਾਈ ਹੁੰਦੀ ਹੈ, ਜਿਸ ਦੇ ਲਾਇਆਂ ਚਿੱਟੇ ਵਾਲ ਕਾਲੇ ਹੋ ਜਾਂਦੇ ਹਨ ।

# ਹਲਦੀ ਹਰੀ ਹੋ ਗਈ

ਇਕ ਦਿਨ ਕਾਕੇ ਚਤਰ ਸਿੰਘ ਦੀ ਮਾਂ ਹਲਦੀ ਪੀਹਣ ਬੈਠੀ। ਕਾਕੇ ਨੇ ਉਸ ਨੂੰ ਹਲਦੀ ਪੀਂਹਦੀ ਵੇਖ ਕੇ ਆਪਣੇ ਮਨ ਵਿਚ ਸੋਚਿਆ ਕਿ ਜੇਕਰ ਇਸ ਵਿੱਚ ਕੋਲੇ ਪਾ ਦੇਈਏ ਤਾਂ ਪਤਾ ਨਹੀਂ ਕਿਹਾ ਕੁ ਰੰਗ ਹੋ ਜਾਵੇ। ਇਹ ਸੋਚ ਕੇ ਉਹ ਦੋ ਤਿੰਨ ਕੋਲੇ ਚੁਕ ਲਿਆਇਆ। ਪਰ ਫੇਰ ਇਹ ਸੋਚਿਆ ਕਿ ਕਿਧਰੇ ਕੋਲੇ ਪਾਏ ਹੋਏ ਚੱਕੀ ਵਿੱਚ ਕਿਰਚ ਕਿਰਚ ਨਾ ਕਰਨ, ਇਨ੍ਹਾਂ ਨੂੰ ਦਰੜ ਕੇ ਪਾਵਾਂ। ਇਸ ਲਈ ਉਹ ਉਨ੍ਹਾਂ ਕੋਲਿਆਂ ਨੂੰ ਦੂਰ ਜਾ ਕੇ ਦਰੜ ਲਿਆਇਆ ਅਤੇ ਮਾਂ ਦੀ ਅੱਖ ਬਚਾ ਕੇ ਚੱਕੀ ਦੇ ਗਲੇ ਵਿੱਚ ਪਾ ਦਿੱਤੇ। ਬਸ ਫੇਰ ਕੀ ਸੀ, ਸਾਰੀ ਹਲਦੀ ਦਾ ਰੰਗ ਹਰਾ ਹਰਾ ਹੋ ਗਿਆ। ਇਹ ਵੇਖ ਕੇ ਉਸ ਦੀ ਮਾਂ ਆਖਣ ਲੱਗੀ:—

ਹੈ ਹੈ ! ਇਹ ਕੀ ਹੋਇਆ ? ਇਨ੍ਹਾਂ ਚਿੜੀਆਂ ਦਾ ਸੱਤਿਆਨਾਸ ! ਪਤਾ ਨਹੀਂ ਉਪਰੋਂ ਕੀ ਸੁਟ ਦਿੱਤਾ ਨੇ ! ਮੇਰੀ ਸਾਰੀ ਹਲਦੀ ਖ਼ਰਾਬ ਹੋ ਗਈ।

ਕਾਕਾ ਚਤਰ ਸਿੰਘ ਜੋ ਆਪਣੀ ਏਸ ਕਰਤੂਤ ਤੋਂ ਡਰਦਾ ਮਾਰਿਆ ਦੂਰ ਜਾ ਖਲੋਤਾ ਸੀ, ਮਾਂ ਦੀ ਇਹ ਗੱਲ ਸੁਣ ਕੇ ਦੌੜਿਆ ਆਇਆ ਅਤੇ ਪੁੱਛਣ ਲੱਗਾ, 'ਮਾਂ ਜੀ ! ਕੀ ਹੋਇਆ ਹੈ ?'

ਮਾਂ–ਪੁਤ ! ਚਿੜੀਆਂ ਨੇ ਸਾਰੀ ਹਲਦੀ ਖ਼ਰਾਬ ਕਰ ਦਿੱਤੀ ਹੈ। ਮੈਂ ਹੁਣ ਇਨ੍ਹਾਂ ਦਾ ਆਲ੍ਹਣਾ ਹੀ ਕੱਢ ਸੁਟਾਂਗੀ। ਵੇਖ ਖਾਂ ਮੇਰੀ ਸਾਰੀ ਹਲਦੀ ਹਰੀ ਹਰੀ ਹੋ ਗਈ ਹੈ।

ਕਾਕਾ–ਮਾਂ ! ਮੈਂ ਇਨ੍ਹਾਂ ਦਾ ਆਲ੍ਹਣਾ ਕੱਢ ਕੇ ਸੁੱਟ ਪਾਵਾਂਗਾ, ਪਰ ਤੂੰ ਦੋ ਚਾਰ ਫੇਰੇ ਹੋਰ ਦੇਹ; ਸ਼ਾਇਦ ਕਿਧਰੇ ਚੰਗੀ ਹੋ ਜਾਵੇ।

ਮਾਂ ਵਿਚਾਰੀ ਭੋਲੀ, ਉਹ ਲਾਲਚ ਕਰ ਕੇ ਫੇਰ ਪੀਹਣ ਲਗ ਪਈ। ਕਾਕੇ ਹੁਰੀਂ ਦੌੜੇ ਗਏ; ਅੰਦਰੋਂ ਚੂਨੇ ਦੀ ਚੁਟਕੀ ਲਿਆਏ ਅਤੇ ਮਾਂ ਦੀ ਅੱਖ ਬਚਾ ਕੇ ਵਿੱਚ ਪਾ ਦਿੱਤੀ।

ਮਾਂ–ਕਾਕਾ ! ਤੂੰ ਸੱਚ ਆਖਦਾ ਸੈਂ। ਹਲਦੀ ਹੁਣ ਲਾਲ ਤਾਂ ਹੋ ਆਈ ਹੈ, ਪਤਾ ਨਹੀਂ ਫੇਰ ਪੀਲੀ ਭੀ ਹੋ ਜਾਵੇ।

ਕਾਕਾ—ਵਾਹ ਵਾ ! ਹਲਦੀ ਵੀ ਕਹੀ ਚੀਜ਼ ਹੈ ! ਕਿੰਨੇ ਕਿੰਨੇ ਰੰਗ ਬਦਲਦੀ ਹੈ !

ਕਾਕੇ ਨੇ ਏਨੀ ਗੱਲ ਆਖੀ ਹੀ ਸੀ ਕਿ ਉੱਪਰੋਂ ਭਾਈ ਗਿਆਨ ਸਿੰਘ ਹੁਰੀਂ ਭੀ ਆ ਨਿਕਲੇ। ਹਲਦੀ ਦਾ ਰੰਗ ਵੇਖ ਕੇ ਆਖਣ ਲਗੇ, 'ਕਾਕਾ ! ਤੂੰ ਰੰਗ ਤਾਂ ਚੰਗਾ ਬਣਾਇਆ ਹੈ ਪਰ ਰਤਾ ਸੱਜੀ ਦੀ ਕਸਰ ਹੈ; ਨਹੀਂ ਤਾਂ ਨਿਰਾ ਕਿਸ਼ਮਿਸ਼ੀ ਰੰਗ ਹੋ ਜਾਂਦਾ।'

ਕਾਕੇ ਦੀ ਮਾਂ—ਇਹ ਰੰਗ ਕਾਕੇ ਨੇ ਥੋੜਾ ਕਰ ਦਿੱਤਾ ਹੈ; ਇਹ ਤਾਂ ਕੁਦਰਤੀ ਅਜਿਹਾ ਬਣ ਗਿਆ ਹੈ। ਹੁਣੇ ਥੋੜੀ ਦੇਰ ਹੋਈ ਕਿ ਪਹਿਲੇ ਪਤਾ ਨਹੀਂ ਚਿੜੀਆਂ ਨੇ ਵਿੱਚ ਵਿੱਠ ਸੁੱਟੀ ਕਿ ਪਤਾ ਨਹੀਂ ਕੀ ਹੋਇਆ, ਆਪਣੇ ਆਪ ਹਲਦੀ ਦਾ ਰੰਗ ਹਰਾ ਹਰਾ ਹੋ ਗਿਆ। ਮੈਂ ਪਛਤਾਉਣ ਲੱਗੀ ਅਤੇ ਚਿੜੀਆਂ ਨੂੰ ਦੋਸ਼ ਦੇਣ ਲੱਗੀ ਕਿ ਕਾਕੇ ਨੇ ਕਿਹਾ, 'ਮਾਂ ! ਪੀਹ ਤਾਂ ਸਹੀ। ਸ਼ਾਇਦ ਚੰਗੀ ਹੀ ਹੋ ਜਾਵੇ।' ਸੋ ਨਿਰਦੋਸ਼ ਬਾਲਕ ਦਾ ਕਿਹਾ ਭੀ ਕਦੇ ਕਦੇ ਸੱਚਾ ਹੋ ਜਾਂਦਾ ਹੈ। ਲਾਲ ਤਾਂ

ਹੁਣ ਹੋ ਗਈ ਹੈ, ਸ਼ਾਇਦ ਪੀਲੀ ਭੀ ਹੋ ਜਾਵੇਗੀ।

ਗਿਆਨ ਸਿੰਘ—ਕਿਧਰੇ ਪਾਗਲ ਤਾਂ ਨਹੀਂ ਹੋ ਗਈ ?

ਕਾਕੇ ਦੀ ਮਾਂ—ਕਿਉਂ ?

ਗਿਆਨ ਸਿੰਘ—ਭਲਾ ਮੰਨ ਲਿਆ ਕਿ ਚਿੜੀਆਂ ਦੀ ਵਿੱਠ ਪੈਣ ਨਾਲ ਹਲਦੀ ਦੀ ਰੰਗਤ ਬਦਲ ਗਈ ਅਤੇ ਮੰਨ ਲੈ ਕਿ ਫਿਰ ਪੀਲੀ ਭੀ ਹੋ ਜਾਵੇ ਤਾਂ ਫੇਰ ਉਹੋ ਵਿੱਠਾਂ ਵਾਲੀ ਹਲਦੀ ਸਲੂਣਿਆਂ ਵਿੱਚ ਪਾਵੇਂਗੀ ?

ਕਾਕੇ ਦੀ ਮਾਂ—ਨਹੀਂ, ਮੈਂ ਤਾਂ ਕਾਕੇ ਨੂੰ ਖੁਸ਼ ਕਰਨ ਵਾਸਤੇ ਅਜਿਹਾ ਪਈ ਕਰਦੀ ਹਾਂ।

ਗਿਆਨ ਸਿੰਘ—ਕਾਕੇ ਹੀ ਤਾਂ ਤੈਨੂੰ ਪਾਗਲ ਬਣਾ ਦਿੱਤਾ ਹੈ। ਇਹ ਸਾਰੀ ਇਸੇ ਦੀ ਹੀ ਕਾਰਿਸਤਾਨੀ ਹੈ। ਜੇਕਰ ਤੂੰ ਕਾਕੇ ਨੂੰ ਹੀ ਖੁਸ਼ ਕਰਨਾ ਹੈ ਤਾਂ ਫੇਰ ਚੰਗੀ ਤਰ੍ਹਾਂ ਖੁਸ਼ ਕਰ ਸੂ। ਇਕ ਦਮੜੀ ਦੀ ਸੱਜੀ ਮੰਗਵਾ ਕੇ ਇਸ ਹਲਦੀ ਵਿੱਚ ਪਾ ਦੇਹ ਅਤੇ ਇਸ ਨੂੰ ਤਮਾਸ਼ਾ ਵਿਖਾ ਦੇਹ।

ਕਾਕੇ ਦੀ ਮਾਂ–ਜਾਣ ਦਿਉ ਜੀ ! ਤੁਸੀਂ ਤਾਂ ਆਪਣਾ ਹੀ ਗਿਆਨ ਛਾਂਟਣ ਲਗ ਪਏ ਹੋ । ਵਿਚਾਰਾ ਕਾਕਾ ਤਾਂ ਉਸ ਵੇਲੇ ਨੇੜੇ ਭੀ ਨਹੀਂ ਸੀ । ਮੈਂ ਜਦ ਸੱਦਿਆ ਤਾਂ ਉਹ ਆਇਆ । ਏਵੇਂ ਮੁਫ਼ਤ ਵਿਚ ਉਸ ਦਾ ਨਾਂ ਬਦਨਾਮ ।

ਗਿਆਨ ਸਿੰਘ–ਅੱਛਾ ! ਏਸੇ ਕੋਲੋਂ ਹੀ ਪੁੱਛ ।

ਜਦ ਕਾਕੇ ਪਾਸੋਂ ਪੁੱਛਿਆ ਗਿਆ ਤਾਂ ਉਸ ਨੇ ਸਾਰਾ ਹਾਲ ਸੱਚ ਸੱਚ ਆਖ ਦਿਤਾ। ਫੇਰ ਤਾਂ ਕਾਕੇ ਦੀ ਮਾਂ ਵੱਡੀ ਗੁੱਸੇ ਹੋਈ :–

ਹੱਛਾ ! ਤੂੰ ਅਜਿਹਾ ਨਚੱਲਾ ਹੋ ਗਿਆ ਹੈਂ । ਮੈਨੂੰ ਪਤਾ ਨਹੀਂ ਸੀ । ਮੈਂ ਹੁਣੇ ਤੈਨੂੰ ਸਿੱਧਾ ਕਰਦੀ ਹਾਂ !

ਗਿਆਨ ਸਿੰਘ–ਹੱਛਾ, ਇਸ ਨੂੰ ਸਿੱਧਾ ਪਿੱਛੋਂ ਕਰੀਂ, ਪਹਿਲੇ ਸੱਜੀ ਮੰਗਾ ਕੇ ਪਾ ਲੈ । ਇਸ ਦਾ ਤਾ ਠੰਢਾ ਹੁੰਦਾ ਜਾਂਦਾ ਹੈ ।

ਖੈਰ, ਸੱਜੀ ਮੰਗਾਈ ਗਈ । ਉਸ ਨੂੰ ਹਲਦੀ ਵਿਚ ਪੀਹ ਕੇ ਦੇਖਿਆ ਤਾਂ ਕੁਝ ਹੋਰ ਹੀ

ਰੰਗ ਬਣ ਗਿਆ ! ਕਾਕੇ ਨੇ ਵੇਖਿਆ ਤਾਂ ਖਾਸਾ ਕਿਸ਼ਮਿਸ਼ੀ ਰੰਗ ਬਣਿਆ ਪਿਆ ਹੈ। ਉਸ ਨੂੰ ਪਾਣੀ ਵਿਚ ਘੋਲ ਕੇ ਉਸ ਵਿਚ ਇਕ ਟੁਕੜਾ ਕਪੜੇ ਦਾ ਰੰਗਿਆ ਅਤੇ ਸੁਕਾਇਆ । ਉਹ ਟੁਕੜਾ ਸੁਕ ਕੇ ਭੀ ਕਿਸ਼ਮਿਸ਼ੀ ਹੀ ਬਣਿਆ ਰਿਹਾ । ਭਾਈ ਗਿਆਨ ਸਿੰਘ ਨੇ ਕਿਸ਼ਮਿਸ਼ੀ ਰੰਗ ਦੀ ਬਹਾਰ ਵਿਖਾਲ ਕੇ ਕਾਕੇ ਨੂੰ ਕਿਹਾ:—

ਲੈ ਪੁਤ ! ਕਲ੍ਹ ਤੋਂ ਤੈਨੂੰ ਨਵਾਂ ਵਰ੍ਹਾ ਲਗ ਪੈਣਾ ਹੈ। ਇੰਨੇ ਦਿਨਾਂ ਤਕ ਤੈਨੂੰ ਘਰ ਦੀਆਂ ਇੱਟਾਂ, ਰੋੜੇ, ਕੜੀਆਂ, ਤਖਤੇ, ਮਿੱਟੀ, ਖਾਣ ਪੀਣ ਅਤੇ ਪਹਿਨਣ ਵਿਛਾਉਣ ਦੀਆਂ ਗੱਲਾਂ ਚੰਗੀ ਤਰ੍ਹਾਂ ਦਸੀਆਂ ਜਾ ਚੁਕੀਆਂ ਹਨ । ਬਾਕੀ ਦੀ ਗੱਲ ਰੰਗਾਂ ਦੀ ਸੀ। ਭਾਵੇਂ ਇਨ੍ਹਾਂ ਦਾ ਅਜੇ ਸਮਾਂ ਨਹੀਂ ਸੀ, ਪਰ ਤੂੰ ਆਪਣੇ ਆਪ ਹੀ ਇਸ ਕੰਮ ਨੂੰ ਅਰੰਭ ਦਿਤਾ ਹੈ। ਇਸ ਲਈ ਕਲ੍ਹ ਤੈਨੂੰ ਪਹਿਲੀ ਸੰਥਾ ਰੰਗਾਂ ਦੇ ਮੇਲ ਮਿਲਾਪ ਦੀ ਹੀ ਦਿਤੀ ਜਾਵੇਗੀ ।

# ਰੰਗਾਂ ਦੀ ਕਥਾ

ਦਿਨ ਚੜ੍ਹਿਆ। ਭਾਈ ਗਿਆਨ ਸਿੰਘ ਨੇ ਆਪਣੇ ਕਾਕੇ ਨੂੰ ਰੰਗਾਂ ਦੇ ਮਿਲ਼ਾਪ ਦੀ ਸਿੱਖਿਆ ਦੇਣ ਤੋਂ ਪਹਿਲੇ ਇੰਨੀਆਂ ਚੀਜ਼ਾਂ ਇਕੱਠੀਆਂ ਕਰ ਲਈਆਂ :–

ਲਾਲ, ਪੀਲੇ ਅਤੇ ਨੀਲੇ ਕੱਚ ਦੇ ਟੁਕੜੇ, ਬਿਲੌਰ ਦੀ ਇਕ ਤ੍ਰਿਕੋਣ ਕਲਮ, ਹਲਦੀ ਦੀ ਗੰਢੀ, ਕੋਲਾ, ਗੇਰੂ, ਖੜੀਆ ਮਿੱਟੀ, ਸਿਲ ਵੱਟਾ ਅਤੇ ਇਕ ਚਰਖਾ। ਜਦ ਇਹ ਭਾਨ ਮਤੀ ਦੀ ਪਿਟਾਰੀ ਪੂਰੀ ਹੋ ਚੁਕੀ ਤਾਂ ਕਾਕੇ ਨੂੰ ਸੱਦਿਆ ਗਿਆ। ਉਸ ਦੇ ਸਿਵਾ ਆਂਢ ਗੁਆਂਢ ਦੇ ਬਾਲ ਬੱਚੇ ਅਤੇ ਦੋ ਚਾਰ ਬੁੱਢੇ ਤੋਤੇ ਭੀ ਤਮਾਸ਼ਾ ਦੇਖਣ ਆ ਬੈਠੇ।

ਗਿਆਨ ਸਿੰਘ–ਲੈ ਭਈ ਧਿਆਨ ਕਰ ਹੁਣ। ਵੇਖ ! ਪਹਿਲਾਂ ਸੰਸਾਰ ਵਿੱਚ ਥੋੜੀਆਂ ਚੀਜ਼ਾਂ ਸਨ। ਹੌਲੀ ਹੌਲੀ ਉਹ ਵੱਧਦੀਆਂ ਗਈਆਂ। ਸੰਸਾਰ ਵਿੱਚ ਅਨੇਕਾਂ ਪਦਾਰਥ ਅਜਿਹੇ ਹਨ ਜੋ

ਪਹਿਲੇ ਨਹੀਂ ਸਨ, ਪਰ ਸਿਆਣਿਆਂ ਨੇ ਕਈਆਂ ਪਦਾਰਥਾਂ ਨੂੰ ਮਿਲਾ ਕੇ ਪੈਦਾ ਕਰ ਲਏ। ਕਿਸੇ ਨੇ ਨਵੀਨ ਤਰ੍ਹਾਂ ਦੇ ਫਲ ਫੁੱਲ ਪੈਦਾ ਕੀਤੇ। ਕਿਸੇ ਨੇ ਜੀਵ ਜੰਤਾਂ ਵਿੱਚ ਫ਼ਰਕ ਪੈਦਾ ਕੀਤਾ। ਕਿਸੇ ਨੇ ਦੋ ਕਿਸਮਾਂ ਦੇ ਕਬੂਤਰ ਮਿਲਾ ਕੇ ਇੱਕ ਤੀਜੀ ਜਾਤ ਕੱਢ ਮਾਰੀ। ਕਿਸੇ ਨੇ ਦੋ ਫਲ ਮਿਲਾ ਕੇ ਨਵੀਂ ਕਿਸਮ ਦਾ ਫਲ ਪੈਦਾ ਕਰ ਲਿਆ। ਮਤਲਬ ਇਹ ਕਿ ਜਿਉਂ ਜਿਉਂ ਸਮਾਂ ਗੁਜ਼ਰਦਾ ਗਿਆ, ਤਿਉਂ ਤਿਉਂ ਨਵੀਆਂ ਖੋਜਾਂ ਨਾਲ ਹੋਰ ਹੋਰ ਚੀਜ਼ਾਂ ਬਣਦੀਆਂ ਗਈਆਂ। ਇਸ ਤਰ੍ਹਾਂ ਹੀ ਰੰਗਾਂ ਦੀ ਗੱਲ ਹੈ।

ਇਹ ਆਖ ਕੇ ਭਾਈ ਹੁਰਾਂ ਪਹਿਲੇ ਕੋਲਾ ਕੱਢਿਆ ਅਤੇ ਪੁੱਛਿਆ :—

ਇਸ ਦਾ ਰੰਗ ਕੀ ਹੈ ?

ਕਾਕਾ—ਕਾਲਾ।

ਗਿਆਨ ਸਿੰਘ—(ਹਲਦੀ ਦੀ ਗੰਢੀ ਵਿਖਾਲ ਕੇ) ਹੱਛਾ ਇਸ ਦਾ ਰੰਗ ?

ਕਾਕਾ—ਪੀਲਾ।

ਗਿਆਨ ਸਿੰਘ—(ਗੇਰੂ ਵਿਖਾਲ ਕੇ) ਇਸਦਾ ਰੰਗ ਕੀ ਹੈ ?

ਕਾਕਾ—ਲਾਲ ।

ਇਸੇ ਤਰ੍ਹਾਂ ਕੱਚ ਦੇ ਟੁਕੜੇ ਦਿਖਲਾਏ । ਅਤੇ ਕਿਹਾ, 'ਵੇਖ ! ਇਨ੍ਹਾਂ ਵਿਚ ਜੋ ਨੀਲਾ ਟੁਕੜਾ ਹੈ ਉਸ ਨੂੰ ਕੋਲੇ ਦੀ ਥਾਂ ਕਾਲਾ ਹੀ ਸਮਝ ਲੈ । ਕਾਰਣ ਇਹ ਕਿ ਨੀਲੀ ਚੀਜ਼ ਵਿੱਚ ਅਸਲ ਕਰ ਕੇ ਸਫ਼ੈਦੀ ਮਿਲੀ ਸਿਆਹੀ ਹੁੰਦੀ ਹੈ । ਪਹਿਲੇ ਇਹੋ ਹੀ ਤਿੰਨੇ ਰੰਗ ਸਨ—ਲਾਲ, ਪੀਲਾ ਅਤੇ ਨੀਲਾ । ਇਨ੍ਹਾਂ ਦਾ ਨਾਉਂ ਪ੍ਰਿਥਮ ਰੰਗ ਹੈ । ਇਨ੍ਹਾਂ ਦੇ ਘਟ ਵਧ ਮਿਲਾਣ ਨਾਲ ਅਨੇਕਾਂ ਰੰਗ ਬਣ ਗਏ । ਜੇਕਰ ਅਸੀਂ ਕੋਲੇ ਵਿੱਚ ਤਿੰਨ ਗੁਣੀ ਖੜੀਆ ਮਿੱਟੀ ਮਿਲਾਈਏ ਤਾਂ ਇਸ ਦਾ ਕਾਲਾ ਰੰਗ ਨੀਲਾ ਬਣ ਜਾਵੇਗਾ । ਆ ! ਹੁਣ ਇਨ੍ਹਾਂ ਸਾਰੀਆਂ ਗੱਲਾਂ ਨੂੰ ਅਜ਼ਮਾ ਕੇ ਵੇਖੀਏ । ਥੋੜੀ ਜਿਹ। ਖੜੀਆ ਮਿੱਟੀ ਪੀਹ ਲੈ ।'

ਚਤਰ ਸਿੰਘ ਨੇ ਝਟ ਥੋੜੀ ਜਿਹੀ ਖੜੀਆ ਸਿਲ

ਵੱਟੇ ਅਤੇ ਪਾਣੀ ਨਾਲ ਪੀਠੀ। ਭਾਈ ਗਿਆਨ ਸਿੰਘ ਨੇ ਥੋੜਾ ਜਿਹਾ ਕੋਲਾ ਪਾ ਦਿਤਾ ਅਤੇ ਆਖਿਆ:—ਦੋ ਚਾਰ ਰਗੜੇ ਹੋਰ ਦੇ ਲੈ ।

ਕਾਕਾ—ਆਹੋ ਭਾਈਆ ਜੀ ! ਇਹ ਤਾਂ ਨੀਲੀ ਹੋ ਗਈ !

ਗਿਆਨ ਸਿੰਘ—ਤੂੰ ਵੇਖਦਾ ਜਾ, ਇਹ ਅਜੇ ਕਿੰਨੇ ਰੰਗ ਬਦਲਦੀ ਹੈ । ਹੁਣ ਇਸ ਵਿਚ ਥੋੜੀ ਹਲਦੀ ਮਿਲਾ ਕੇ ਪੀਹ ਵੇਖ ।

ਕਾਕੇ ਨੇ ਥੋੜੀ ਜਿਹੀ ਹਲਦੀ ਉਸ ਵਿਚ ਪਾ ਕੇ ਘੋਟੀ ਤਾਂ ਖੜੀਆ ਹਰੀ ਹੋ ਗਈ।

ਗਿਆਨ ਸਿੰਘ—ਹੁਣ ਇਸ ਵਿਚ ਥੋੜਾ ਗੇਰੂ ਪਾ ਕੇ ਘੋਟ ।

ਗੇਰੂ ਪਾ ਕੇ ਘੋਟਿਆ ਤਾਂ ਠੀਕ ਊਦੇ ਰੰਗ ਦੀ ਚੀਜ਼ ਬਣ ਗਈ।

ਗਿਆਨ ਸਿੰਘ—ਇਸੇ ਤਰ੍ਹਾਂ ਹੋਰ ਬਹੁਤ ਸਾਰੇ ਰੰਗ ਤਜਰਬੇ ਨਾਲ ਬਣ ਸਕਦੇ ਹਨ । ਜੇਕਰ ਕਾਲੇ ਅਤੇ ਲਾਲ ਰੰਗ ਨੂੰ ਇਕੱਠਾ ਮਿਲਾ ਦੇਈਏ ਤਾਂ ਫੇਰ ਕਿਰਮਚੀ ਰੰਗ ਬਣ ਜਾਵੇ ।

ਇਸੇ ਤਰ੍ਹਾਂ ਕਦੇ ਕਾਲਖ ਵਧਾ ਦਿਤੀ ਅਤੇ ਕਦੇ ਲਾਲੀ ਵਧਾ ਦਿਤੀ । ਕਦੇ ਕੋਈ ਚੀਜ਼ ਘਟ ਪਾ ਦਿਤੀ ਅਤੇ ਕਦੇ ਕੋਈ ਚੀਜ਼ ਵਧ ਪਾ ਦਿਤੀ। ਇਸ ਤਰ੍ਹਾਂ ਅਨੇਕਾਂ ਰੰਗ ਬਣਦੇ ਚਲੇ ਗਏ ਅਤੇ ਬਣਦੇ ਜਾਂਦੇ ਹਨ ।

ਫੇਰ ਭਾਈ ਗਿਆਨ ਸਿੰਘ ਨੇ ਦੋ ਬਾਲਕਾਂ ਨੂੰ ਖੜਾ ਕੀਤਾ । ਇੱਕ ਦੇ ਹਥ ਵਿੱਚ ਪੀਲੇ ਕੱਚ ਦਾ ਟੁਕੜਾ ਦਿੱਤਾ ਅਤੇ ਦੂਜੇ ਦੇ ਹੱਥ ਲਾਲ ਦਾ। ਚਤਰ ਸਿੰਘ ਦੇ ਹੱਥ ਨੀਲੇ ਕੱਚ ਦਾ ਟੁਕੜਾ ਦਿਤਾ । ਫੇਰ ਸਭਨਾਂ ਨੂੰ ਕਿਹਾ, 'ਤੁਸੀਂ ਸਾਰੇ ਆਪਣੇ ਆਪਣੇ ਕੱਚ ਦੀ ਰੋਸ਼ਨੀ ਧਰਤੀ ਉਤੇ ਪਾਉ ।' ਉਨ੍ਹਾਂ ਸਭਨਾਂ ਨੇ ਇਸੇ ਤਰ੍ਹਾਂ ਕੀਤਾ। ਫੇਰ ਭਾਈ ਜੀ ਨੇ ਹੁਕਮ ਦਿਤਾ ਕਿ ਪੀਲੇ ਸ਼ੀਸ਼ੇ ਵਾਲਾ ਨੀਲੇ ਸ਼ੀਸ਼ੇ ਵਾਲੇ ਦੀ ਰੋਸ਼ਨੀ ਲੜਾਵੇ । ਇਸ ਤਰ੍ਹਾਂ ਕਰਨ ਨਾਲ ਉਹ ਰੋਸ਼ਨੀ ਹਰੀ ਹੋ ਗਈ !

ਕਾਕਾ—ਭਾਈਆ ਜੀ ! ਇਹ ਤਾਂ ਰੋਸ਼ਨੀ ਭੀ ਰੰਗੀ ਗਈ !

ਗਿਆਨ ਸਿੰਘ—ਆਹੋ ਕਾਕਾ ! ਵਰਖਾ ਦੇ

ਦਿਨਾਂ ਵਿੱਚ ਜੋ ਇਕ ਪੀਂਘ ਜਿਹੀ ਨਜ਼ਰ ਆਉਂਦੀ ਹੈ ਤੇ ਜਿਸ ਨੂੰ ਲੋਕ 'ਇੰਦਰ ਧਨੁੱਖ' ਤੇ 'ਗੁੱਡੀ ਗੁੱਡੇ ਦੀ ਪੀਂਘ' ਭੀ ਆਖਦੇ ਹਨ ਇਸੇ ਤਰ੍ਹਾਂ ਬਣਦੀ ਹੈ ।

ਕਾਕਾ—ਤਾਂ ਇਨ੍ਹਾਂ ਵਿੱਚ ਪਹਿਲੇ ਪਹਿਲ ਰੰਗਤ ਕਿੱਥੋਂ ਆਉਂਦੀ ਹੈ ?

ਭਾਈਆ—ਸੂਰਜ ਵਿੱਚੋਂ ।

ਕਾਕਾ—ਸੂਰਜ ਤਾਂ ਚਿੱਟਾ ਹੈ ।

ਗਿਆਨਸਿੰਘ—ਅਸਲ਼ ਵਿੱਚ ਚਿੱਟਾ ਨਹੀਂ । ਪਰ ਉਸ ਦੀ ਤੇਜ਼ ਚਾਲ ਦੇ ਕਾਰਣ ਉਸ ਦੇ ਸਾਰੇ ਰੰਗ ਚਿੱਟੇ ਹੋ ਕੇ ਭਾਸਦੇ ਹਨ । ਅੱਛਾ ਹੁਣ ਤੁਸੀਂ ਤਿੰਨੇ ਜਣੇ ਇਕ ਦੂਜੇ ਦੇ ਸ਼ੀਸ਼ੇ ਦੀ ਰੌਸ਼ਨੀ ਇਕੱਠੀ ਮਿਲਾ ਕੇ ਵੇਖੋ । ਪਹਿਲੇ ਲਾਲ ਵਾਲਾ ਪੀਲੇ ਨਾਲ ਅਤੇ ਫੇਰ ਨੀਲੇ ਵਾਲੇ ਨਾਲ ਮਿਲਾ ਕੇ ਵੇਖੋ ।


ਲਾਲ ਨਾਲ ਪੀਲ਼ਾ ਮਿਲਾਇਆ ਤਾਂ ਊਦਾ ਰੰਗ ਬਣ ਗਿਆ । ਫੇਰ ਲਾਲ ਅਤੇ ਨੀਲੇ ਸ਼ੀਸ਼ੇ ਦੀ ਰੋਸ਼ਨੀ ਨੂੰ ਆਪਸ ਵਿੱਚ ਮਿਲਾ ਕੇ

ਵੇਖਿਆ ਤਾਂ ਚੰਬੇਲੀ ਵਰਗਾ ਰੰਗ ਹੋ ਗਿਆ । ਫੇਰ ਜਦ ਤਿੰਨਾਂ ਸ਼ੀਸ਼ਿਆਂ ਦੀ ਰੋਸ਼ਨੀ ਨੂੰ ਇਕੱਠਾ ਮਿਲਾ ਕੇ ਵੇਖਿਆ ਤਾਂ ਉਸ ਦਾ ਨਾਮ ਕੁਝ ਭੀ ਨਾ ਧਰ ਸਕੇ । ਪਰ ਉਸ ਨੂੰ ਕੁਝ ਕੁਝ ਚਿੱਟਾ ਜਿਹਾ ਆਖ ਸਕਦੇ ਸੀ।

ਕਾਕਾ—ਭਾਈਆ ਜੀ ! ਹੁਣ ਤਾਂ ਕੋਈ ਭੀ ਰੰਗ ਨਹੀਂ ਰਿਹਾ।

ਗਿਆਨ ਸਿੰਘ—ਇਸੇ ਤਰ੍ਹਾਂ ਸੂਰਜ ਵਿੱਚ ਭੀ ਸਾਰੇ ਰੰਗ ਮਿਲ ਕੇ ਚਿੱਟੇ ਹੋ ਜਾਂਦੇ ਹਨ। ਵੇਖੋ ਹੁਣ ਤੁਹਾਨੂੰ ਇਹ ਗੱਲ ਪਰਤੱਖ ਕਰ ਕੇ ਦੱਸਦੇ ਹਾਂ। ਹੁਣ ਕਾਗ਼ਜ਼ ਅਤੇ ਚਰਖੇ ਦੀ ਵਾਰੀ ਹੈ ।

ਇਹ ਆਖ ਕੇ ਪਹਿਲੇ ਕਾਗ਼ਜ਼ ਹੱਥ ਵਿੱਚ ਲਿਆ ਅਤੇ ਉਸ ਨੂੰ ਤਿਕੋਨਾ ਕਤਰਿਆ । ਲਕੀਰਾਂ ਖਿੱਚ ਕੇ ਉਸ ਦੇ ਤਿੰਨ ਹਿੱਸੇ ਕੀਤੇ, ਜਿਹਾ ਕਿ ਚਿੱਤਰ ਵਿੱਚ ਦੱਸਿਆ ਗਿਆ ਹੈ । ਉਨ੍ਹਾਂ ਤਿੰਨਾਂ ਖਾਨਿਆਂ ਵਿੱਚ ਦੱਸੇ



ਮੂਜਬ ਤਿੰਨੇ ਰੰਗ ਭਰ ਦਿੱਤੇ। ਫੇਰ ਕਾਗਜ਼ ਨੂੰ ਤਕਲੇ ਵਿੱਚ ਪਰੋ ਕੇ ਉਸ ਦੇ ਦੋਹੀਂ ਪਾਸੀਂ ਧਾਗੇ ਲਪੇਟ ਦਿੱਤੇ ਕਿ ਬਾਹਰ ਨਾ ਨਿਕਲੇ। ਫੇਰ ਉਨ੍ਹਾਂ ਬਾਲਕਾਂ ਪਾਸੋਂ ਪੁੱਛਿਆ, 'ਦੱਸੋ ਭਈ ਕਾਕਿਓ! ਕਾਗ਼ਜ਼ ਦਾ ਰੰਗ ਕਿਹੋ ਜਿਹਾ ਹੈ ?' ਸਭਨਾਂ ਨੇ ਆਖਿਆ, 'ਕਾਗ਼ਜ਼ ਸਾਮ੍ਹਣੇ ਪਾਸਿਉਂ ਤਿੰਨ ਰੰਗਾਂ ਨਾਲ ਰੰਗਿਆ ਹੋਇਆ ਹੈ ਅਤੇ ਪਿੱਛੋਂ ਬਿਲਕੁਲ ਚਿੱਟਾ ਹੈ।' ਫੇਰ ਭਾਈ ਹੁਰਾਂ ਨੇ ਕਿਹਾ, 'ਹੱਛਾ! ਹੁਣ ਤੁਸੀਂ ਦੇਖਦੇ ਰਹੋ, ਮੈਂ ਇਨ੍ਹਾਂ ਤਿਹਾਂ ਰੰਗਾਂ ਨੂੰ ਇਕ ਕਰ ਸੁਟਦਾ ਹਾਂ।' ਇਹ ਆਖ ਕੇ ਉਹਨਾਂ ਜ਼ੋਰ ਨਾਲ ਚਰਖੇ ਨੂੰ ਭੁਵਾਇਆ। ਬਾਲਕ ਕਦੇ ਏਧਰੋਂ ਕਾਗਜ਼ ਨੂੰ ਵੇਖਣ ਅਤੇ ਕਦੇ ਓਧਰੋਂ, ਪਰ ਕਾਗਜ਼ ਦਾ ਰੰਗ ਚਿੱਟਾ ਹੀ ਚਿੱਟਾ ਦੋਹੀਂ ਪਾਸੀਂ ਨਜ਼ਰ ਆਵੇ। ਇਸ ਤਮਾਸ਼ੇ ਨੇ ਬਾਲਕਾਂ ਨੂੰ ਬਹੁਤ ਅਚਰਜ ਕਰ ਦਿੱਤਾ।

ਗਿਆਨ ਸਿੰਘ—ਕਿਉਂ ਭਈ ਕਾਕਿਓ! ਹੁਣ ਭੀ ਤੁਸੀਂ ਸੂਰਜ ਦਾ ਰੰਗ ਸਮਝੇ ਕਿ ਨਹੀਂ? ਸੂਰਜ ਦੀ ਚਾਲ ਬਹੁਤ ਤੇਜ਼ ਹੈ। ਇਸੇ ਕਰ ਕੇ ਉਸ

ਦੇ ਰੰਗ ਨਜ਼ਰ ਨਹੀਂ ਆਉਂਦੇ । ਪਰ ਜੇ ਕਿਸੇ ਰੰਗ ਦੇ ਸਾਮ੍ਹਣੇ ਕੋਈ ਬੱਦਲ ਜਾਂ ਹੋਰ ਕੋਈ ਚੀਜ਼ ਆ ਜਾਂਦੀ ਹੈ ਤਾਂ ਉਹ ਉਸੇ ਰੰਗ ਵਾਲੀ ਹੋ ਕੇ ਨਜ਼ਰ ਆਉਂਦੀ ਹੈ । ਲਉ ਹੋਰ ਵੇਖੋ ! ਇਹ ਕੀ ਚੀਜ਼ ਹੈ ?

ਬਾਲਕ—ਇਹ ਕੱਚ ਦਾ ਟੋਟਾ ਹੈ ।

ਗਿਆਨ ਸਿੰਘ—ਇਸ ਦਾ ਰੰਗ ਕੀ ਹੈ ਅਤੇ ਇਸ ਦੀ ਸ਼ਕਲ ਕੀ ਹੈ ?

ਬਾਲਕ—ਰੰਗ ਇਸ ਦਾ ਚਿੱਟਾ ਹੈ ਅਤੇ ਸ਼ਕਲ ਤਿਨੁੱਕਰੀ ਹੈ ।

ਗਿਆਨ ਸਿੰਘ—ਹੱਛਾ ! ਇਸ ਸ਼ੀਸ਼ੇ ਨਾਲ ਭੀ ਕਈ ਨਵੇਂ ਰੰਗ ਨਜ਼ਰ ਆਉਂਦੇ ਹਨ । ਵੇਖੋ, ਇਸ ਦੀਆਂ ਜੋ ਨੁੱਕਰਾਂ ਹਨ ਇਹ ਸੂਰਜ ਦੀਆਂ ਕਿਰਨਾਂ ਨੂੰ ਆਪਸ ਵਿਚ ਮਿਲਣ ਨਹੀਂ ਦੇਣਗੀਆਂ । ਇਸ ਦੇ ਨਾਲ ਸੂਰਜ ਦੀ ਰੰਗਤ ਤੁਹਾਨੂੰ ਹੋਰ ਭੀ ਸਾਫ਼ ਮਲੂਮ ਹੋ ਜਾਵੇਗੀ । ਇਹ ਆਖ ਕੇ ਸਭਨਾਂ ਬਾਲਕਾਂ ਨੂੰ ਵਾਰੀ ਵਾਰੀ ਉਹ ਕੱਚ ਦਾ ਟੋਟਾ ਦਿੱਤਾ ਅਤੇ ਆਖਿਆ ਧੁੱਪ

ਵਲ ਵੇਖੋ ! ਜਿਸ ਨੇ ਉਸ ਵਿਚ ਧੁੱਪ ਵੇਖੀ, ਉਹੋ ਵਾਹ ਵਾਹ ਕਰ ਉਠਿਆ !

ਗਿਆਨ ਸਿੰਘ—ਹੱਛਾ ! ਹੁਣ ਸੂਰਜ ਵੱਲ ਇਸ ਕੱਚ ਵਿੱਚੋਂ ਵੇਖੋ ।

ਸਭਨਾਂ ਨੇ ਦੇਖਿਆ ਤਾਂ ਰੰਗ ਬਰੰਗੀਆਂ ਕਿਰਨਾਂ ਨਜ਼ਰ ਆਉਣ ਲੱਗੀਆਂ । ਸਭਨਾਂ ਬਾਲਕਾਂ ਨੂੰ ਬਹੁਤ ਅਚਰਜ ਹੋਇਆ ਅਤੇ ਸਾਰੇ ਖੂਬ ਹੱਸੇ ।

ਕਾਕੇ ਚਤਰ ਸਿੰਘ ਨੂੰ ਤਮਾਸ਼ਾ ਹੱਥ ਆ ਗਿਆ । ਉਸ ਨੇ ਉਸੇ ਦਿਨ ਕਈ ਰੰਗਾਂ ਦੇ ਸ਼ੀਸ਼ਿਆਂ ਵਾਲੀਆਂ ਛੋਟੀਆਂ ਛੋਟੀਆਂ ਲਾਲਟੈਣਾਂ ਬਣਵਾ ਲਈਆਂ । ਉਨ੍ਹਾਂ ਵਿਚ ਦੀਵੇ ਬਾਲ ਕੇ ਅਤੇ ਉਨ੍ਹਾਂ ਦੀ ਰੋਸ਼ਨੀ ਆਪਸ ਵਿਚ ਮਿਲਾ ਕੇ ਖੂਬ ਕਾਰੀਗਰੀ ਵਿਖਾਈ ।

## ਬਾਗ਼ ਦੀ ਸੈਰ

ਗਿਆਨ ਸਿੰਘ—ਚਲ ਕਾਕਾ ! ਅਜ ਤੈਨੂੰ ਬਾਗ਼ ਦੀ ਸੈਰ ਕਰਾਈਏ ।

ਕਾਕਾ—ਚੰਗਾ ਜੀ ! ਚਲੋ ।

ਦੋਵੇਂ ਪਿਉ ਪੁੱਤ ਸ਼ਹਿਰੋਂ ਬਾਹਰ ਜਾ ਨਿਕਲੇ । ਪਹਿਲਾਂ ਕਣਕ ਦੇ ਖੇਤ ਨਜ਼ਰ ਆਏ ਜਿਨ੍ਹਾਂ ਵਿਚ ਕਿਧਰੇ ਕਿਧਰੇ ਸਰ੍ਹੋਂ ਭੀ ਫੁੱਲੀ ਹੋਈ ਸੀ ।

ਕਾਕਾ—ਭਾਈਆ ਜੀ ! ਇਹ ਹਰੀ ਹਰੀ ਕੀ ਚੀਜ਼ ਹੈ ?

ਗਿਆਨ ਸਿੰਘ—ਜਿਸ ਦੀ ਤੂੰ ਨਿੱਤ ਰੋਟੀ ਖਾਂਦਾ ਹੈਂ ।

ਕਾਕਾ—ਕਣਕ ਇਹੋ ਹੈ ?

ਗਿਆਨ ਸਿੰਘ—ਇਹੋ ਹੈ ।

ਕਾਕਾ—ਇਸ ਦੀਆਂ ਸਿੱਟੀਆਂ ਨਹੀਂ ?

ਗਿਆਨ ਸਿੰਘ—ਅਜੇ ਇਹ ਕੱਚੀ ਹੈ। ਜਦ ਵੱਡੀ ਹੋਵੇਗੀ ਤਾਂ ਸਿੱਟੀਆਂ ਪੈਣਗੀਆਂ।

ਕਾਕਾ—ਤੇ ਇਹ ਪੀਲੀ ਪੀਲੀ ਕੀ ਚੀਜ਼ ਹੈ ?

ਗਿਆਨ ਸਿੰਘ—ਇਹ ਸਰ੍ਹੋਂ ਹੈ। ਤੈਨੂੰ ਯਾਦ ਹੈ ਕਿ ਨਹੀਂ, ਤੈਨੂੰ ਦਸਿਆ ਸੀ ਕਿ ਕਈ ਕਿਆਰੇ ਮਿਲ ਕੇ ਖੇਤ ਹੋ ਜਾਂਦਾ ਹੈ। ਸੋ ਵੇਖ ਲੈ।

ਥੋੜੀ ਦੂਰ ਹੋਰ ਅੱਗੇ ਜਾਣ ਤੇ ਇੱਟਾਂ ਪਕਾਉਣ ਦਾ ਆਵਾ ਆ ਗਿਆ। ਕਾਕੇ ਨੇ ਭਾਈ ਗਿਆਨ ਸਿੰਘ ਤੋਂ ਪੁੱਛਿਆ:—

ਭਾਈਆ ਜੀ ! ਇਹ ਟਿੱਲਾ ਜਿਹਾ ਕੀ ਹੈ ?

ਗਿਆਨ ਸਿੰਘ—ਇਹ ਇੱਟਾਂ ਦੀ ਭੱਠੀ ਹੈ। ਇਸ ਨੂੰ ਲੋਕੀਂ ਆਵਾ ਜਾਂ ਪੰਜਾਵਾ ਭੀ ਆਖਦੇ ਹਨ। ਇਸ ਵਿਚ ਬਹੁਤ ਸਾਰੀਆਂ ਇੱਟਾਂ ਇੱਕੋ ਵਾਰੀ ਪਕਾਈਆਂ ਜਾਂਦੀਆਂ ਹਨ। ਚਲ ਤੈਨੂੰ ਪਹਿਲਾਂ ਇਸੇ ਦੀ ਸੈਰ ਕਰਾਈਏ। ਵੇਖ ਇਹ ਆਦਮੀ ਕੀ ਕਰਦੇ ਹਨ ?

ਕਾਕਾ—ਇਹ ਤਾਂ ਇੱਟਾਂ ਪੱਥਦੇ ਹਨ !

ਗਿਆਨ ਸਿੰਘ—ਜਦ ਇਹ ਇੱਟਾਂ ਸੁੱਕ ਜਾਣਗੀਆਂ ਤਾਂ ਫੇਰ ਇਸ ਟਿੱਲੇ ਉੱਤੇ ਇਕ ਤਹਿ ਇੱਟਾਂ ਦੀ ਵਿਛਾਉਣਗੇ। ਫੇਰ ਉਪਰ ਉਸ ਦੇ ਇਕ ਤਹਿ ਕੂੜੇ ਦੀ ਵਿਛਾਉਣਗੇ। ਉਸ ਦੇ ਉੱਤੇ ਫੇਰ ਇਕ ਤਹਿ ਇੱਟਾਂ ਦੀ ਅਤੇ ਫੇਰ ਉਸ ਦੇ ਉੱਪਰ ਕੂੜੇ ਦੀ। ਇਸ ਤਰ੍ਹਾਂ ਨਾਲ ਕਈ ਤਹਿਆਂ ਉੱਪਰੋਂ ਉੱਪਰ ਚਾੜ੍ਹੀ ਜਾਂਦੇ ਹਨ। ਅਤੇ

ਫੇਰ ਅਗ ਲਾ ਦੇਂਦੇ ਹਨ । ਉਸ ਕੂੜੇ ਕਰਕਟ ਨਾਲ ਹੀ ਸਾਰੀਆਂ ਇੱਟਾਂ ਪੱਕ ਜਾਂਦੀਆਂ ਹਨ। ਜਦ ਪੱਕ ਜਾਂਦੀਆਂ ਹਨ ਤਾਂ ਠੰਢੇ ਹੋਣ ਪਰ ਇੱਟਾਂ ਕਢ ਲੈਂਦੇ ਹਨ ਅਤੇ ਖਰੀਦਾਰਾਂ ਨੂੰ ਦੇ ਆਉਂਦੇ ਹਨ। ਇਸ ਤਰ੍ਹਾਂ ਉਸ ਕੂੜੇ ਦੀ ਸੁਆਹ ਅਤੇ ਇੱਟਾਂ ਦੀ ਭੋਰ ਕਚੋਰ ਕੱਠੀ ਹੁੰਦੀ ਹੁੰਦੀ ਇਕ ਟਿੱਲਾ ਜਿਹਾ ਬਣ ਗਿਆ ਹੈ । ਇਹ ਆਵਿਆਂ ਦੇ ਟਿੱਲੇ ਕਈ ਵੱਡੇ ਸ਼ਹਿਰਾਂ ਦੇ ਪਾਸ ਪਹਾੜੀਆਂ ਵਾਙੂ ਖੜੇ ਹਨ ।

ਕਾਕਾ—ਕੀ ਭਾਈਆ ਜੀ ! ਪਹਾੜ ਭੀ ਅਜਿਹੇ ਹੀ ਹੁੰਦੇ ਹਨ ?

ਗਿਆਨ ਸਿੰਘ—ਆਹੋ, ਉੱਚੇ ਨੀਵੇਂ ਤਾਂ ਇਸ ਨਾਲੋਂ ਬਹੁਤ ਵੱਡੇ ਹੁੰਦੇ ਹਨ। ਫੇਰ ਇਹ ਇਕ ਸੁਆਹ ਦਾ ਢੇਰ ਹੈ ਅਤੇ ਸੁੱਕਾ ਰੜਾ ਹੈ, ਪਰ ਪਹਾੜਾਂ ਵਿਚ ਪੱਥਰ, ਪਾਣੀ, ਹਰੇ ਹਰੇ ਬ੍ਰਿਛ ਅਤੇ ਕਈ ਬੂਟੀਆਂ ਭੀ ਹੁੰਦੀਆਂ ਹਨ । ਹਾਂ, ਜਿੱਥੇ ਬਰਫ਼ ਬਹੁਤ ਪੈਂਦੀ ਹੈ ਉੱਥੇ ਉਨ੍ਹਾਂ ਪਹਾੜਾਂ ਵਿੱਚ ਭੀ ਕੋਈ ਕੋਈ

ਵਿਰਲੀ ਬੂਟੀ ਹੁੰਦੀ ਹੈ, ਨਹੀਂ ਤਾਂ ਇਸੇ ਟਿੱਲੇ ਵਰਗੇ ਉਹ ਪਹਾੜ ਭੀ ਨਿਰੇ ਪੱਥਰਾਂ ਦੇ ਸੁੱਕੇ ਸੜੇ ਟਿੱਲੇ ਹੁੰਦੇ ਹਨ।

ਇਸ ਤਰ੍ਹਾਂ ਗੱਲਾਂ ਕਰਦੇ ਕਰਦੇ ਅੱਗੇ ਲੰਘ ਗਏ ਤਾਂ ਰਾਹ ਵਿੱਚ ਇੱਕ ਪਹਾੜੀ ਭੀ ਆ ਗਈ। ਭਾਈ ਗਿਆਨ ਸਿੰਘ ਜੀ ਨੇ ਕਾਕੇ ਨੂੰ ਕਿਹਾ:-

ਭਈ ਪਹਾੜੀ ਵੀ ਵੇਖ ਲੈ। ਇਹ ਸਾਰੇ ਪੱਥਰ, ਜਿਹੜੇ ਪੁੱਟੇ ਪਏ ਹਨ, ਮਕਾਨਾਂ ਦੀਆਂ ਨੀਂਹਾਂ ਵਿੱਚ ਭਰੇ ਜਾਂਦੇ ਹਨ ਅਤੇ ਇਨ੍ਹਾਂ ਦੀਆਂ ਕੰਧਾਂ ਤੇ ਫਰਸ਼ ਭੀ ਬਣਾਉਂਦੇ ਹਨ। ਆਵਾ ਮਨੁੱਖ ਬਣਾਉਂਦੇ ਹਨ, ਪਰ ਇਹ ਕੁਦਰਤੀ ਪੱਕੇ ਪਕਾਏ ਹੁੰਦੇ ਹਨ। ਇਨ੍ਹਾਂ ਨੂੰ ਆਦਮੀ ਨਹੀਂ ਬਣਾ ਸਕਦਾ। ਇਹ ਕੁਦਰਤੀ ਰਚਨਾ ਹੈ। ਪੱਥਰ ਦੀਆਂ ਅਨੇਕਾਂ ਚੀਜ਼ਾਂ ਸੰਸਾਰ ਵਿੱਚ ਬਣਦੀਆਂ ਹਨ; ਜਿਹਾ ਕਿ ਕੰਧਾਂ, ਫ਼ਰਸ਼, ਥੰਮ੍ਹ, ਕੂੰਡੇ, ਕੂੰਡੀਆਂ, ਚਕਲੇ, ਚੌਕੀਆਂ, ਸੰਦੂਕ, ਥਾਲੀਆਂ, ਗਿਲਾਸ, ਕਟੋਰੇ ਆਦਿਕ। ਹਿੰਦੁਸਤਾਨ

ਵਿੱਚ ਕਈ ਕਿਲ੍ਹੇ ਪੱਥਰ ਦੇ ਬਣੇ ਹੋਏ ਹਨ। ਪੱਥਰਾਂ ਵਿੱਚ 'ਸੰਗ ਮਰਮਰ' ਪੱਥਰ ਬਹੁਤ ਮਹਿੰਗਾ ਹੁੰਦਾ ਹੈ। ਇਸ ਦਾ ਫ਼ਰਸ਼ ਸਾਡੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਤਰਨ ਤਾਰਨ ਵਿੱਚ ਲੱਗਾ ਹੋਇਆ ਤੂੰ ਦੇਖਿਆ ਸੀ। ਉੱਥੇ ਤੂੰ ਅਜਿਹਾ ਖ਼ੁਸ਼ ਹੁੰਦਾ ਸੈਂ ਤੇ ਕਿਲਕਾਰੀਆਂ ਮਾਰਦਾ ਸੈਂ! ਯਾਦ ਹਈ ਨਾ?

ਕਾਕਾ—ਆਹੋ ਜੀ! ਚਿੱਟਾ, ਚਿੱਟਾ ਦੁੱਧ ਵਰਗਾ! ਮੈਨੂੰ ਉਜਿਹਾ ਫ਼ਰਸ਼ ਬਹੁਤ ਚੰਗਾ ਲਗਦਾ ਹੈ! ਹਲ਼ਾ ਭਾਈਆ ਜੀ! ਉਹ ਪੱਥਰ ਕਿੱਥੇ ਹੁੰਦਾ ਹੈ?

ਗਿਆਨ ਸਿੰਘ—ਉਹ ਸਾਡੇ ਹਿੰਦੁਸਤਾਨ ਵਿੱਚ ਭੀ ਹੁੰਦਾ ਹੈ ਅਤੇ ਹੋਰਨਾਂ ਮੁਲਕਾਂ ਵਿੱਚੋਂ ਭੀ ਆਉਂਦਾ ਹੈ। ਬਾਹਰੋਂ ਬਾਹਲਾ ਇੱਟਲੀ ਦੇਸ ਵਿੱਚੋਂ ਆਉਂਦਾ ਹੈ ਅਤੇ ਇੱਥੇ ਰਾਜਪੂਤਾਨੇ ਵਿੱਚ ਇਸ ਪੱਥਰ ਦੀਆਂ ਕਈ ਖਾਣਾਂ ਹਨ।

ਏਨੇ ਚਿਰ ਨੂੰ ਗੱਲਾਂ ਕਰਦੇ ਕਰਦੇ ਦੋਵੇਂ ਪਿਉ ਪੁੱਤ ਬਾਗ਼ ਵਿੱਚ ਜਾ ਪਹੁੰਚੇ।

ਕਾਕਾ—(ਅੰਬ ਦਾ ਬ੍ਰਿਛ ਵੇਖ ਕੇ) ਭਾਈਆ ਜੀ ! ਇਹ ਕਾਹਦਾ ਬ੍ਰਿਛ ਹੈ ?

ਗਿਆਨ ਸਿੰਘ—ਇਸ ਨੂੰ ਤੂੰ ਜਾਣਦਾ ਨਹੀਂ ? ਜ਼ਰਾ ਸੋਚ ਕੇ ਬੁਝ ਲੈ ।

ਕਾਕਾ—ਪੱਤੇ ਤਾਂ ਇਸ ਬ੍ਰਿਛ ਦੇ ਸਾਡੇ ਘਰ ਦੀਆਂ ਕਿਆਰੀਆਂ ਵਿੱਚ ਲੱਗੇ ਹੋਏ ਅੰਬਾਂ ਦੇ ਛੋਟੇ ਛੋਟੇ ਬੂਟਿਆਂ ਨਾਲ ਮਿਲਦੇ ਜੁਲਦੇ ਹਨ ।

ਗਿਆਨ ਸਿੰਘ—ਠੀਕ ਹੈ । ਇਹ ਅੰਬ ਦਾ ਹੀ ਬ੍ਰਿਛ ਹੈ ।

ਕਾਕਾ—ਤੇ ਇਹ ?

ਗਿਆਨ ਸਿੰਘ—ਇਹ ਜਾਮਨਾਂ ਦਾ ਹੈ । ਦੋਹਾਂ ਨੂੰ ਚੰਗੀ ਤਰ੍ਹਾਂ ਪਛਾਣ ਲੈ ਅਤੇ ਦੋਹਾਂ ਦੇ ਥੋੜੇ ਜਹੇ ਪੱਤਰ ਪੱਲੇ ਬੰਨ੍ਹ ਲੈ ।

ਇਸ ਤਰ੍ਹਾਂ ਆੜੂ, ਨਾਖਾਂ, ਕੇਲੌ, ਅੰਜੀਰਾਂ, ਸੰਗਤਰੇ ਆਦਿ ਦੇ ਬ੍ਰਿਛ ਭਾਈ ਹੁਰਾਂ ਕਾਕੇ ਨੂੰ ਵਿਖਾਲੇ ਅਤੇ ਸਭਨਾਂ ਦੇ ਥੋੜੇ ਥੋੜੇ ਪੱਤਰ ਲੈ ਕੇ ਬੰਨ੍ਹ ਲਏ ।

ਕਾਕਾ—(ਨਿੰਮ ਦਾ ਬ੍ਰਿਛ ਵੇਖ ਕੇ) ਭਾਈਆ ਜੀ ! ਇਹ ਤਾਂ ਨਿੰਮ ਹੈ ਨਾ ?

ਗਿਆਨ ਸਿੰਘ—ਆਹੋ !

ਥੋੜੀ ਦੂਰ ਅੱਗੇ ਗਏ ਤਾਂ ਇਕ ਧ੍ਰੇਕ ਦਾ ਬੂਟਾ ਆਇਆ । ਭਾਈ ਗਿਆਨ ਸਿੰਘ ਜੀ ਨੇ ਕਾਕੇ ਪਾਸੋਂ ਪੁੱਛਿਆ, 'ਕਿਉਂ ਕਾਕਾ ! ਇਹ ਕਾਹਦਾ ਬ੍ਰਿਛ ਹੈ ?'

ਕਾਕਾ—ਇਹ ਨਿੰਮ ਹੈ । (ਕਿਉਂਕਿ ਨਿੰਮ ਅਤੇ ਧ੍ਰੇਕ ਦੇ ਬ੍ਰਿਛ ਵਿੱਚ ਬਹੁਤ ਥੋੜਾ ਫ਼ਰਕ ਹੁੰਦਾ ਹੈ)

ਗਿਆਨ ਸਿੰਘ—ਇਹ ਨਿੰਮ ਨਹੀਂ । ਇਸ ਨੂੰ ਲੋਕੀਂ ਧ੍ਰੇਕ ਜਾਂ ਬਕੈਣ ਆਖਦੇ ਹਨ । ਇਹ ਆਖ ਕੇ ਦੋਹਾਂ ਦੇ ਫਲ ਅਤੇ ਪੱਤਰ ਮਿਲਾ ਕੇ ਦੱਸਿਆ ਕਿ ਨਿੰਮ ਅਤੇ ਧ੍ਰੇਕ ਵਿੱਚ ਇਹ ਫ਼ਰਕ ਹੈ ।

ਉੱਪਰ ਦਸੇ ਵਾਙ ਉਨ੍ਹਾਂ ਦੋਹਾਂ ਦੇ ਭੀ ਪੱਤਰ ਬੰਨ੍ਹ ਲਏ । ਇਸ ਤਰ੍ਹਾਂ ਸੈਰ ਕਰਦੇ ਕਰਦੇ ਇਕ ਤਲਾ ਉੱਪਰ ਜਾ ਬੈਠੇ । ਉੱਥੇ ਇਕ ਫੁੱਲ ਵੇਖ ਕੇ ਭਾਈ ਹੁਰਾਂ ਕਾਕੇ ਨੂੰ ਕਿਹਾ, 'ਦੇਖ ਕਾਕਾ !

ਇਹ ਫੁੱਲ ਅੱਜ ਕੱਲ ਨਵਾਂ ਹੀ ਬਣਿਆ ਹੈ। ਇਸ ਨੂੰ ਯੂਰਪ ਦੇ ਮਾਲੀਆਂ ਨੇ ਸੁਧਾਰ ਸੁਧਾਰ ਕੇ ਅਜਿਹਾ ਕਰ ਲਿਆ ਹੈ। ਅਤੇ ਢੰਗ ਉਹੋ ਹੈ ਜੋ ਮੈਂ ਤੈਨੂੰ ਹੁਣੇ ਦਸਿਆ ਸੀ ਕਿ ਪਿਉਂਦ ਕਰਨ ਨਾਲ ਬਹੁਤ ਫਰਕ ਪੈ ਜਾਂਦਾ ਹੈ। ਵਲੈਤ ਵਿੱਚ ਇਨ੍ਹਾਂ ਗੱਲਾਂ ਦਾ ਬਹੁਤ ਸ਼ੌਕ ਹੈ ਅਤੇ ਉੱਥੇ ਅਜਿਹੀਆਂ ਕਾਢਾਂ ਕੱਢਣ ਵਾਲੇ ਨੂੰ ਬਹੁਤ ਇਨਾਮ ਮਿਲਦਾ ਹੈ। ਹਰ ਸਾਲ ਫੁੱਲਾਂ ਦੀ ਨੁਮਾਇਸ਼ ਵਿੱਚ ਲੋਕੀਂ ਹਜ਼ਾਰਾਂ ਰੁਪੱਯੇ ਇਨਾਮ ਹਾਸਲ ਕਰ ਜਾਂਦੇ ਹਨ। ਹੱਛਾ! ਹੁਣ ਤੂੰ ਪੱਤਿਆਂ ਦੀ ਗੰਢ ਖੋਲ੍ਹ ਅਤੇ ਇੱਕ ਇੱਕ ਚੀਜ਼ ਦੇ ਪੱਤਰ ਵੱਖਰੇ ਕਰ ਕੇ ਮੈਨੂੰ ਦੇਈ ਜਾਹ।'

ਕਾਕਾ—ਇਹ ਤਾਂ ਸਾਰੇ ਆਪਸ ਵਿੱਚ ਮਿਲ ਗਏ ਹਨ।

ਗਿਆਨ ਸਿੰਘ—ਪਛਾਣ ਨਹੀਂ ਸਕਦਾ?

ਕਾਕਾ—ਪਛਾਣ ਕਿਉਂ ਨਹੀਂ ਸਕਦਾ, ਭਾਈਆ ਜੀ!

ਗਿਆਨ ਸਿੰਘ—ਫੇਰ ਵੱਖਰੇ ਵੱਖਰੇ ਕਰ ਕੇ

ਦੇਈ ਜਾਹ ਅਤੇ ਆਖਦਾ ਜਾਹ ਕਿ ਇਹ ਫਲਾਣੇ ਬਿਰਛ ਦੇ ਪੱਤਰ ਹਨ ।

ਅੰਬ ਅਤੇ ਜਾਮਨੂ ਦੇ ਪੱਤਰ ਤਾਂ ਕਾਕੇ ਨੇ ਬਹੁਤ ਵੱਡੇ ਵੱਡੇ ਹੋਣ ਕਰ ਕੇ ਛੇਤੀ ਛੇਤੀ ਕਢ ਲਏ ਪਰ ਨਿੰਬੂ, ਨਰੰਗੀਆਂ ਅਤੇ ਖੱਟਿਆਂ ਦੇ ਪੱਤਰ ਵਖਰੇ ਕਰਨ ਵਿਚ ਉਸ ਨੂੰ ਬਹੁਤ ਉਲਝਣ ਪਈ। ਕਦੇ ਆਖਦਾ ਇਸ ਦੀ ਤਾਂ ਨੋਕ ਲੰਮੀ ਹੈ, ਕਦੇ ਆਖਦਾ ਇਹ ਤਾਂ ਵਿਚਾਲਿਉਂ ਚੌੜਾ ਹੈ, ਕਦੇ ਕੁਝ ਅਤੇ ਕਦੇ ਕੁਝ । ਪਰ ਉਸ ਨੇ ਬਹੁਤ ਸਾਰੇ ਪੱਤਰ ਛਾਂਟ ਕੇ ਵਖਰੇ ਕਰ ਲਏ ਅਤੇ ਕਿਹਾ, 'ਲਉ ਭਾਈਆ ਜੀ ! ਵਖੱਰੇ ਹੋ ਗਏ ।'

ਗਿਆਨ ਸਿੰਘ–ਪਹਿਲੇ ਚੰਗੀ ਤਰ੍ਹਾਂ ਦੇਖ ਭਾਲ ਲੈ ਅਤੇ ਆਪਣੇ ਥਾਂ ਤਸੱਲੀ ਕਰ ਲੈ । ਫੇਰ ਮੈਨੂੰ ਆਖੀਂ ।

ਹੁਣ ਕਾਕੇ ਨੂੰ ਸ਼ੱਕ ਪੈ ਗਿਆ । ਉਹ ਆਪਣੇ ਮਨ ਵਿੱਚ ਆਖਣ ਲਗਾ, 'ਭਈ ਹੁਣ ਕੀ ਕਰਾਂ ?' ਫੇਰ ਜਿਨ੍ਹਾਂ ਪੱਤਿਆਂ ਬਾਬਤ ਉਸ ਨੂੰ ਸ਼ੱਕ ਸੀ, ਉਨ੍ਹਾਂ ਨੂੰ ਸੁੰਘ ਸੁੰਘ ਕੇ

ਵੱਖਰਾ ਕਰਨਾ ਅਰੰਭ ਕੀਤਾ । ਬਹੁਤ ਸਾਰੇ ਸੁੰਘਣ ਨਾਲ ਵੱਖਰੇ ਹੋ ਗਏ । ਫੇਰ ਉਨ੍ਹਾਂ ਦੇ ਫ਼ਰਕ ਗਿਣਨੇ ਸ਼ੁਰੂ ਕੀਤੇ । ਜਿਹੜੇ ਪੱਤਰ ਸੁੰਘਣ ਨਾਲ ਭੀ ਮਲੂਮ ਨਾ ਹੋਏ ਉਨ੍ਹਾਂ ਨੂੰ ਚਖਣਾ ਸ਼ੁਰੂ ਕੀਤਾ । ਇਸ ਤਰ੍ਹਾਂ ਉਸ ਨੇ ਸਾਰੇ ਪੱਤਰ ਵੱਖਰੇ ਕਰ ਲਏ ।

ਇਸ ਵੇਲੇ ਮਾਲੀ ਕੁਝ ਕੁ ਫਲ ਲੈ ਆਇਆ । ਇਨ੍ਹਾਂ ਵਿੱਚੋਂ ਚਕੋਦਰਾ ਚੁੱਕ ਕੇ ਭਾਈ ਗਿਆਨ ਸਿੰਘ ਨੇ ਆਖਿਆ, 'ਵੇਖ ਕਾਕਾ ! ਇਹ ਮਨੁੱਖ ਦਾ ਬਣਾਇਆ ਹੋਇਆ ਹੈ ।'

ਕਾਕਾ—ਬਣਾਇਆ ਹੋਇਆ ਕਿਵੇਂ ? ਇਹ ਤਾਂ ਅਸਲੀ ਬੂਟੇ ਦਾ ਹੈ !

ਗਿਆਨ ਸਿੰਘ—ਇਹ ਸੱਚਾ ਹੀ ਫਲ ਹੈ ਅਰ ਬੂਟੇ ਨਾਲੋਂ ਲੱਥਾ ਹੋਇਆ ਹੈ, ਪਰ ਪਿਉਂਦੀ ਹੈ । ਜਿਸ ਤਰ੍ਹਾਂ ਛੋਟੇ ਬੇਰ ਪਿਉਂਦ ਨਾਲ ਮੋਟੇ ਸੇਊ ਬਣ ਜਾਂਦੇ ਹਨ, ਉਸ ਤਰ੍ਹਾਂ ਇਹ ਫਲ ਭੀ ਪਿਉਂਦੀ ਹੈ। ਨਰੰਗੀ ਦੇ ਬੂਟੇ ਨੂੰ ਖੱਟੇ ਦਾ ਪਿਉਂਦ ਕਰਨ ਨਾਲ ਚਕੋਦਰਾ ਬਣ ਜਾਂਦਾ ਹੈ।

ਇੰਨੇ ਨੂੰ ਸੰਧਿਆ ਹੋ ਗਈ । ਦੋਵੇਂ ਪਿਉ ਪੁੱਤ ਘਰ ਨੂੰ ਮੁੜੇ । ਰਾਹ ਵਿੱਚ ਫਲਾਂ ਫੁੱਲਾਂ ਦੀਆਂ ਹੀ ਗੱਲਾਂ ਕਰਦੇ ਆਏ । ਭਾਈ ਗਿਆਨ ਸਿੰਘ ਨੇ ਕਿਹਾ, 'ਕਾਕਾ ! ਫਲ ਫੁੱਲ ਇੱਕ ਤਾਂ ਜੰਗਲੀ ਹੁੰਦੇ ਹਨ ਅਤੇ ਇੱਕ ਬਾਗੀ । ਜੰਗਲੀ ਤਾਂ ਓਵੇਂ ਦੇ ਓਵੇਂ ਹੀ ਰਹਿੰਦੇ ਹਨ, ਪਰ ਬਾਗੀ ਸੁਧਾਰ ਕਰਨ ਨਾਲ ਕੁਝ ਦੇ ਕੁਝ ਬਣ ਜਾਂਦੇ ਹਨ । ਦੇਖੋ ਜੰਗਲੀ ਬੇਰ ਅਤੇ ਜੰਗਲੀ ਤੂਤ ਕਿਹੇ ਛੋਟੇ ਹੁੰਦੇ ਹਨ ਅਤੇ ਬਾਗੀ ਕਿਹੇ ਮੋਟੇ ਅਤੇ ਸੁਆਦੀ ਹੁੰਦੇ ਹਨ !

ਕਾਕਾ—ਕਿਉਂ ਭਾਈਆ ਜੀ ! ਬਾਗੀ ਬ੍ਰਿਛ ਬੂਟੇ ਕਿਉਂ ਅਜਿਹੇ ਹੋ ਜਾਂਦੇ ਹਨ ?

ਗਿਆਨ ਸਿੰਘ—ਜਿਸ ਡਾਲ ਨੂੰ ਪਿਉਂਦ ਲਾਉਂਦੇ ਹਨ ਉਸ ਦਾ ਜ਼ੋਰ ਵਧਾਉਣ ਲਈ ਉਸ ਦੀਆਂ ਕੁੱਲ ਸ਼ਾਖਾਂ ਤੋੜ ਸਿਟਦੇ ਹਨ । ਇਸ ਤਰ੍ਹਾਂ ਸਾਰੀ ਤਾਕਤ ਇੱਕੋ ਜਗ੍ਹਾ ਭੇਜਣ ਦਾ ਜਤਨ ਕਰਦੇ ਹਨ । ਉੱਧਰ ਦੋ ਸ਼ਕਤੀਆਂ ਆਪਸ

ਵਿਚ ਮਿਲ ਕੇ ਦੂਣੀ ਤਾਕਤ ਹੋ ਕੇ ਵਧਣ ਦਾ ਕਾਰਨ ਹੋ ਜਾਂਦੀਆਂ ਹਨ ਅਰਥਾਤ ਦੋਵੇਂ ਆਪੋ ਆਪਣਾ ਜ਼ੋਰ ਕਰਦੀਆਂ ਹਨ । ਇਸ ਤਰ੍ਹਾਂ ਦੋਹਾਂ ਦਾ ਸਵਾਦ ਮਿਲ ਮਿਲਾ ਕੇ ਇੱਕ ਨਵਾਂ ਸਵਾਦ ਪੈਦਾ ਹੋ ਜਾਂਦਾ ਹੈ ।

ਕਾਕਾ—ਹੱਛਾ ! ਤਾਂ ਪਿਉਂਦ ਕਿਸ ਤਰ੍ਹਾਂ ਲਗ! ਜਾਂਦਾ ਹੈ ?

ਗਿਆਨ ਸਿੰਘ—ਹਰੇਕ ਚੀਜ਼ ਦੀ ਇੱਕ ਅਜਿਹੀ ਰੁੱਤ ਹੁੰਦੀ ਹੈ ਜਿਸ ਦੇ ਆਇਆਂ ਉਹ ਚੀਜ਼ ਉਮੰਗ (ਖੁਸ਼ੀ) ਵਿਚ ਹੁੰਦੀ ਹੈ ਅਤੇ ਉਸ ਦੇ ਵਧਣ ਦੀ ਤਾਕਤ ਵਧ ਜਾਂਦੀ ਹੈ । ਅਜਿਹੇ ਸਮੇਂ ਜੇਕਰ ਆਦਮੀ ਦੀ ਹੱਡੀ ਭੀ ਟੁਟ ਜਾਵੇ ਤਾਂ ਹੋਰ ਸਮੇਂ ਨਾਲੋਂ ਉਸ ਵੇਲੇ ਛੇਤੀ ਜੁੜ ਜਾਵੇਗੀ । ਇਹੋ ਹਾਲ ਪਿਉਂਦ ਦਾ ਹੈ । ਖਾਸ ਕਰ ਕੇ ਚੇਤ, ਫਗਣ ਅਤੇ ਸਾਵਣ ਇਹ ਤਿੰਨ ਮਹੀਨੇ ਬ੍ਰਿਛਾਂ ਨੂੰ ਪਿਉਂਦ ਕਰਨ ਦੇ ਹਨ । ਜਦੋਂ ਬ੍ਰਿਛਾਂ ਨੂੰ ਨਵੇਂ ਪੱਤਰ ਆਦਿ ਪੈਂਦੇ ਹਨ ਉਦੋਂ ਪਿਉਂਦ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਗੱਲਾਂ ਕਰਦੇ ਕਰਦੇ ਦੋਵੇਂ ਪਿਉ ਪੁੱਤਰ ਘਰ ਆਣ ਪਹੁੰਚੇ। ਸਾਰੇ ਫਲ ਫੁੱਲ ਦੀਵੇ ਦੇ ਪਾਸ ਰਖ ਦਿੱਤੇ। ਜਿਹੜੇ ਚਾਨਣ ਵਿਚ ਸਨ ਉਹ ਤਾਂ ਖੂਬ ਚਮਕਣ ਲਗ ਪਏ ਅਤੇ ਜਿਹੜੇ ਹਨੇਰੇ ਵਿਚ ਸਨ ਉਨ੍ਹਾਂ ਉਤੇ ਉਜਿਹੀ ਆਭਾ ਨਹੀਂ ਸੀ।

ਕਾਕਾ—ਭਾਈਆ ਜੀ ! ਦੀਵੇ ਦੇ ਹੇਠਾਂ ਹਨੇਰਾ ਕਿਉਂ ਰਹਿੰਦਾ ਹੈ ?

ਗਿਆਨ ਸਿੰਘ—ਪੁੱਤ ! ਜੋ ਚੀਜ਼ ਹਲਕੀ ਹੁੰਦੀ ਹੈ ਉਹ ਉੱਪਰ ਨੂੰ ਜਾਂਦੀ ਹੈ ਅਤੇ ਭਾਰੀ ਹੇਠ ਨੂੰ ਝੁਕ ਜਾਂਦੀ ਹੈ। ਦੇਖ ਤਕੜੀ ਵਿਚ ਪਾ ਕੇ ਕੋਈ ਚੀਜ਼ ਤੋਲੀਏ ਤਾਂ ਭਾਰਾ ਪਾਸਾ ਹੇਠਾਂ ਅਤੇ ਹਲਕਾ ਉੱਪਰ ਰਹਿੰਦਾ ਹੈ। ਇਸੇ ਤਰ੍ਹਾਂ ਰੋਸ਼ਨੀ (ਅਥਵਾ ਪਰਕਾਸ਼) ਵੀ ਇਕ ਹਲਕੀ ਚੀਜ਼ ਹੈ ਅਤੇ ਉੱਪਰ ਜਾਣਾ ਚਾਹੁੰਦੀ ਹੈ ਪਰ ਪੌਣ (ਹਵਾ) ਇਸ ਦੀਆਂ ਕਿਰਨਾਂ ਨੂੰ ਖਿੰਡਾ ਦੇਂਦੀ ਹੈ। ਇਸੇ ਕਰ ਕੇ ਚਾਨਣਾ ਏਧਰ ਓਧਰ ਖਿੱਲਰ ਜਾਂਦਾ ਹੈ, ਪਰ ਦੀਵੇ ਦੀ ਜੜ੍ਹ ਵਿੱਚ ਨਹੀਂ ਆਉਂਦਾ।

ਕਿਉਂਕਿ ਦੀਵਾ ਉੱਚਾ ਹੈ ਅਤੇ ਉਸ ਦੇ ਪਰਕਾਸ਼ ਦੀਆਂ ਕਿਰਨਾਂ ਵਾਯੂ ਦੇ ਦਬਾਉ ਨਾਲ ਤਿਰਛੀਆਂ ਹੋ ਜਾਂਦੀਆਂ ਹਨ । ਹੋਰ, ਦੇਖ, ਜਿਸ ਵੇਲੇ ਅਸੀਂ ਦਾਲ ਭਾਜੀ ਜਾਂ ਕੋਈ ਹੋਰ ਚੀਜ਼ ਪਤੀਲੇ ਵਿੱਚ ਚਾੜ੍ਹਦੇ ਹਾਂ ਤਾਂ ਭਾਫ਼ ਹੌਲੀ ਹੋਣ ਕਰ ਕੇ ਉੱਪਰ ਨਿਕਲ ਜਾਂਦੀ ਹੈ । ਪਰ ਉਸ ਦੇ ਉੱਤੇ ਪਏ ਹੋਏ ਢੱਕਣ ਦੇ ਹੇਠਾਂ ਭਾਫ਼ ਜੰਮਦੀ ਰਹਿੰਦੀ ਹੈ ਅਤੇ ਜਦ ਅਸੀਂ ਉਸ ਨੂੰ ਚੁਕਦੇ ਹਾਂ ਤਾਂ ਸਾਰਾ ਪਾਣੀ ਹੇਠਾਂ ਡਿੱਗ ਪੈਂਦਾ ਹੈ। ਇਸ ਗੱਲ ਨੂੰ ਜੇਕਰ ਤੂੰ ਚੰਗੀ ਤਰ੍ਹਾਂ ਸਮਝ ਲਵੇਂ ਤਾਂ ਤੈਨੂੰ ਮੀਂਹ ਪੈਣ ਦਾ ਸਾਰਾ ਹਾਲ ਮਲੂਮ ਹੋ ਜਾਵੇ। ਉਸ ਵਿੱਚ ਅੱਗ ਦਾ ਕੰਮ ਸੂਰਜ ਦੇਂਦਾ ਹੈ । ਸੂਰਜ ਦੀਆਂ ਕਿਰਨਾਂ ਨਾਲ ਪਾਣੀ ਗਰਮ ਹੋ ਕੇ ਭਾਫ਼ ਹੋ ਜਾਂਦਾ ਹੈ, ਅਤੇ ਉੱਪਰ ਚਲਿਆ ਜਾਂਦਾ ਹੈ। ਫੇਰ ਠੰਢਾ ਹੋ ਕੇ ਬੱਦਲ ਬਣ ਜਾਂਦਾ ਹੈ ਅਤੇ ਹੇਠਾਂ ਮੀਂਹ ਰੂਪ ਹੋ ਕੇ ਵੱਸਦਾ ਹੈ ।

ਇਸ ਤਰ੍ਹਾਂ ਨੌਵੇਂ ਵਰ੍ਹੇ ਦੀ ਸਿੱਖਿਆ ਨਾਲ ਚਤਰ ਸਿੰਘ ਨੂੰ ਬਹੁਤ ਕੁਝ ਲਾਭ ਪਹੁੰਚਿਆ।

ਜਿਸ ਚੀਜ਼ ਦੇ ਪਿੱਛੇ ਪੈਂਦਾ ਉਸ ਦਾ ਸਾਰਾ ਹਾਲ ਜਾਣ ਕੇ ਹੀ ਉਸ ਦਾ ਪਿੱਛਾ ਛੱਡਦਾ।

## ਨਵੀਂ ਖੋਜ

ਗਿਆਨ ਸਿੰਘ—ਲੈ ਹੁਣ ਤੈਨੂੰ ਅਸੀਂ ਇਕ ਹੋਰ ਚਮਤਕਾਰ ਵਿਖਾਉਂਦੇ ਹਾਂ।

ਕਾਕਾ—ਕੀ ਭਾਈਆ ਜੀ ?

ਗਿਆਨ ਸਿੰਘ—ਨਵੀਂ ਚੀਜ਼ ਪੈਦਾ ਕਰਨੀ। ਨਵੀਂ ਚੀਜ਼ ਪੈਦਾ ਕਰਨੀ ਆਖਣ ਤੋਂ ਸਾਡਾ ਇਹ ਮਤਲਬ ਨਹੀਂ ਕਿ ਉਹ ਚੀਜ਼ ਪਹਿਲੇ ਹੈ ਹੀ ਨਹੀਂ ਸੀ। ਨਹੀਂ, ਸਗੋਂ ਸਾਡਾ ਮਤਲਬ ਇਹ ਹੈ ਕਿ ਦੋ ਜਾਂ ਬਹੁਤੀਆਂ ਚੀਜ਼ਾਂ ਨੂੰ ਮਿਲਾ ਕੇ ਉਨ੍ਹਾਂ ਵਿੱਚੋਂ ਇਕ ਨਵੀਂ ਚੀਜ਼ ਕੱਢਣੀ। ਵੇਖ! ਹੁਣ ਜੋ ਕੁਝ ਤੂੰ ਡਿੱਠਾ ਭਾਲਿਆ ਹੈ, ਉਹ ਸਿਰਫ਼ ਊੜੇ ਐੜੇ ਦੇ ਸਮਾਨ ਹੈ। ਪਰ ਹੁਣ ਜੋ ਕੁਝ ਤੈਨੂੰ ਦਸਿਆ ਜਾਵੇਗਾ ਉਹ ਪੁਸਤਕ ਦੇ ਪੜ੍ਹ ਲੈਣ ਜਿਹਾ ਹੋਵੇਗਾ। ਜਿਸ ਤਰ੍ਹਾਂ ਅਸੀਂ ਊੜਾ ਐੜਾ ਪਕਾ ਕੇ ਪੋਥੀ ਪਕਾ ਸਕਦੇ ਹਾਂ, ਉਸੇ ਤਰ੍ਹਾਂ ਇਸ ਵੇਲੇ ਤਕ ਦਾ ਪੜ੍ਹਿਆ ਨਵੀਆਂ

ਖੋਜਾਂ ਵਿੱਚ ਸਹਾਇਕ ਹੋਵੇਗਾ। ਅੱਛਾ ! ਦਸ ਲੂਣ ਕਿਸ ਨੂੰ ਆਖਦੇ ਹਨ ?

ਕਾਕਾ—ਮੈਂ ਤਾਂ ਉਸੇ ਲੂਣ ਨੂੰ ਜਾਣਦਾ ਹਾਂ ਜੋ ਦਾਲ ਭਾਜੀ ਵਿੱਚ ਪੈਂਦਾ ਹੈ।

ਗਿਆਨ ਸਿੰਘ—ਉਸ ਦਾ ਸੁਆਦ ਕਿਹਾ ਹੁੰਦਾ ਹੈ?

ਕਾਕਾ—ਖਾਰਾ ਖਾਰਾ ।

ਗਿਆਨ ਸਿੰਘ—ਤੂੰ ਹੁਣ ਤਕ ਕਿੰਨੇ ਲੂਣ ਵੇਖੇ ਹਨ ?

ਕਾਕਾ—ਚਾਰ ਤਰ੍ਹਾਂ ਦੇ ।

ਗਿਆਨ ਸਿੰਘ—ਕਿਹੜੇ ਕਿਹੜੇ ?

ਕਾਕਾ—ਦੇਸੀ,ਸਾਂਭਰੀ,ਕਾਲਾ ਅਤੇ ਸੌਂਚਲ ਲੂਣ।

ਗਿਆਨ ਸਿੰਘ—ਬੱਸ, ਇਹੋ ਜਾਣਦਾ ਹੈਂ ? ਸੁਣ ਪੁੱਤ ! ਜਿੰਨੀਆਂ ਖਾਰਾਂ ਹਨ ਸਾਰੀਆਂ ਇੱਕ ਤਰ੍ਹਾਂ ਦਾ ਲੂਣ ਹਨ। ਸੋਡਾ ਭੀ ਲੂਣ ਹੈ। ਸੱਜੀ ਭੀ ਲੂਣ ਹੈ। ਹਾਂ, ਚਾਰ ਲੂਣ ਉਨ੍ਹਾਂ ਨੂੰ ਹੀ ਆਖਦੇ ਹਨ ਜਿਨ੍ਹਾਂ ਦੇ ਨਾਉਂ ਤੂੰ ਦੱਸੇ ਹਨ। ਹੱਛਾ! ਹੁਣ ਇਹ ਸੋਚ ਕਿ ਹੋਰ ਭੀ ਕੋਈ ਖਾਰ ਤੇਰੇ ਧਿਆਨ ਵਿੱਚ ਹੈ ਕਿ ਬਸ ਏਨੀਆਂ ਹੀ ਹਨ ?

ਕਾਕਾ—ਸ਼ਾਇਦ ਫਟਕੜੀ ਸੁਹਾਗਾ ਭੀ ਤਾਂ ਖਾਰਾਂ ਹਨ ।

ਗਿਆਨ ਸਿੰਘ—ਬੇਸ਼ੱਕ ! ਉਹ ਭੀ ਇੱਕ ਤਰ੍ਹਾਂ ਦੀਆਂ ਖਾਰਾਂ ਹਨ। ਹੱਛਾ, ਇਹ ਦਸ ਭਈ ਖਾਰੀਆਂ ਚੀਜ਼ਾਂ ਪਾਣੀ ਵਿੱਚ ਕਿੰਨੀ ਦੇਰ ਤਕ ਰਹਿ ਸਕਦੀਆਂ ਹਨ ?

ਕਾਕਾ—ਹੋਰਨਾਂ ਦਾ ਤਾਂ ਪਤਾ ਨਹੀਂ ਪਰ ਲੂਣ, ਨੌਸ਼ਾਦਰ, ਸ਼ੋਰਾ ਅਤੇ ਫਟਕੜੀ ਤਾਂ ਪਾਣੀ ਵਿੱਚ ਛੇਤੀ ਗਲ ਜਾਂਦੇ ਹਨ। ਜੇਕਰ ਇਹ ਗੱਲ ਨਾ ਹੁੰਦੀ ਤਾਂ ਮਾਂ ਜੀ ਭਾਜੀ ਵਿੱਚ ਸਾਬਤ ਲੂਣ ਕਿਉਂ ਪਾਉਂਦੇ।

ਗਿਆਨ ਸਿੰਘ—ਠੀਕ ਹੈ। ਸਭਨਾਂ ਖਾਰਾਂ ਵਿੱਚ ਛੇਤੀ ਘੁਲ ਮਿਲ ਜਾਣ ਦਾ ਗੁਣ ਹੈ।

ਕਾਕਾ—ਹੱਛਾ ਭਾਈਆ ਜੀ ! ਖੰਡ ਅਤੇ ਗੁੜ ਭੀ ਪਾਣੀ ਵਿੱਚ ਘੁਲ ਮਿਲ ਜਾਂਦੇ ਹਨ, ਪਰ ਇਹ ਤਾਂ ਲੂਣ ਨਹੀਂ ਨਾ ਅਖਵਾਉਂਦੇ ।

ਗਿਆਨ ਸਿੰਘ—ਪੁੱਤਰ ! ਇੱਕੋ ਗੁਣ ਕਈ ਤਰ੍ਹਾਂ ਦੀਆਂ ਚੀਜ਼ਾਂ ਵਿੱਚ ਹੁੰਦਾ ਹੈ । ਜਿਸ ਤਰ੍ਹਾਂ ਘਿਉ ਅਤੇ ਪਾਣੀ ਦੋਵੇਂ ਵਗਣ ਵਾਲੀਆਂ ਚੀਜ਼ਾਂ

ਹਨ ਅਤੇ ਦੋਵੇਂ ਠੰਢ ਨਾਲ ਜਮ ਜਾਂਦੇ ਹਨ; ਪਰ ਦੋਵੇਂ ਚੀਜ਼ਾਂ ਇੱਕ ਤਾਂ ਨਹੀਂ ਆਖ ਸਕੀਦੀਆਂ! ਘਿਉ ਘਿਉ ਹੈ ਅਤੇ ਪਾਣੀ ਪਾਣੀ ਹੈ। ਨਾ ਪਾਣੀ ਘਿਉ ਹੋ ਸਕਦਾ ਹੈ ਅਤੇ ਨਾ ਘਿਉ ਪਾਣੀ। ਸਿਵਾਇ ਇੱਕ ਦੋ ਗੁਣਾਂ ਦੇ ਬਾਕੀ ਦੇ ਗੁਣ ਉਨ੍ਹਾਂ ਦੇ ਵੱਖੋ ਵੱਖਰੇ ਹਨ। ਪਰ ਇੱਥੇ ਸਾਨੂੰ ਲੂਣ ਦਾ ਪਰਕਰਣ ਛੱਡ ਕੇ ਹੋਰ ਪਾਸੇ ਨਹੀਂ ਜਾਣਾ ਚਾਹੀਦਾ। ਹਾਲਾਂ ਅਜੇ ਲੂਣ ਦਾ ਹੀ ਹਾਲ ਸਮਝਣਾ ਹੈ। ਵੇਖ! ਜੇਕਰ ਅਸੀਂ ਤੈਨੂੰ ਕਿਸੇ ਚੀਜ਼ ਵਿੱਚੋਂ ਲੂਣ ਕੱਢ ਵਿਖਾਈਏ, ਜਿਸ ਵਿੱਚ ਤੂੰ ਆਖੇਂ ਕਿ ਨਹੀਂ ਹੈ, ਤਾਂ ਉਸ ਨੂੰ ਤੂੰ ਨਵੀਂ ਖੋਜ ਤਾਂ ਨਹੀਂ, ਪਰ ਨਵੀਂ ਮੌਜੂਦਗੀ ਤਾਂ ਮੰਨੇਗਾ ਕਿ ਨਹੀਂ?

ਕਾਕਾ—ਕਿਉਂ ਨਹੀਂ !

ਗਿਆਨ ਸਿੰਘ—ਹੱਛਾ! ਤਾਂ ਥੋੜੀ ਜਿਹੀ ਪਾਲਕ ਅਤੇ ਪੂਦਨਾ ਆਪਣੀ ਕਿਆਰੀ ਵਿੱਚੋਂ ਪੁੱਟ ਲਿਆ।

(ਰਤਰ ਸਿੰਘ ਥੋੜੇ ਥੋੜੇ ਪੱਤੇ ਤੋੜ ਲਿਆਇਆ।)

ਗਿਆਨ ਸਿੰਘ—ਹੱਛਾ! ਇਨ੍ਹਾਂ ਦਾ ਇੱਕ ਇੱਕ ਪੱਤਰ ਚੱਖ ਕੇ ਸ੍ਵਾਦ ਦੱਸ।

ਕਾਕਾ—(ਚੱਖ ਕੇ) ਪੂਦਨੇ ਵਿੱਚ ਤਾਂ ਕੁਝ ਤੇਜੀ ਜਿਹੀ ਹੈ ਅਤੇ ਓਹ ਜੀਭ ਵਿੱਚ ਵੜਦਾ ਜਾਂਦਾ ਹੈ ਅਤੇ ਪਾਲਕ ਦਾ ਸੁਆਦ ਕੁਝ ਖਾਰਾ ਹੈ ।

ਗਿਆਨ ਸਿੰਘ—ਇਨ੍ਹਾਂ ਵਿੱਚ ਲੂਣ ਹੈ ਕਿ ਨਹੀਂ ?

ਕਾਕਾ—ਪਾਲਕ ਵਿੱਚ ਹੋਵੇ ਤਾਂ ਹੋਵੇ ਪਰ ਪੂਦਨੇ ਵਿੱਚ ਤਾਂ ਕੁਝ ਨਹੀਂ ਮਲੂਮ ਹੁੰਦਾ ਅਤੇ ਜੇਕਰ ਮੇਰੇ ਦਿੱਲ ਦੀ ਪੁੱਛੋ ਤਾਂ ਲੂਣ ਓਦੋਂ ਹੀ ਇਨ੍ਹਾਂ ਵਿੱਚ ਹੋਵੇਗਾ ਜਦੋਂ ਅਸੀਂ ਆਪਣੀ ਹੱਥੀਂ ਪਾਵਾਂਗੇ ।

ਗਿਆਨ ਸਿੰਘ—ਆਪਣੇ ਮੂੰਹੋਂ ਖਾਰੀ ਦੱਸਦਾ ਹੈਂ ਅਤੇ ਫੇਰ ਆਖਦਾ ਹੈਂ ਇਸ ਵਿੱਚ ਲੂਣ ਨਹੀਂ ?

ਕਾਕਾ—ਖਾਰੀ ਹੋਣ ਨਾਲ ਕੀ ਉਸ ਵਿੱਚ ਲੂਣ ਆ ਗਿਆ ? ਇਸ ਤਰ੍ਹਾਂ ਤਾਂ ਕਈਆਂ ਖੂਹਾਂ ਦਾ ਅਤੇ ਸਮੁੰਦਰ ਦਾ ਪਾਣੀ ਖਾਰਾ ਹੁੰਦਾ ਹੈ । ਤਾਂ ਫਿਰ ਉਨ੍ਹਾਂ ਵਿਚ ਭੀ ਲੂਣ ਹੋਣਾ ਚਾਹੀਦਾ ਹੈ !

ਕਾਕਾ—ਤਾਂ ਫੇਰ ਲੂਣ ਮੁੱਲ ਲੈਣ ਦੀ ਕੀ ਲੋੜ ਹੈ ? ਖਾਰੇ ਪਾਣੀ ਵਿੱਚ ਦਾਲ ਭਾਜੀ ਬਣਾ ਲਈ । ਲੂਣ ਨਾ ਪਾਇਆ ।

ਗਿਆਨ ਸਿੰਘ—ਖਾਰਾ ਪਾਣੀ ਨਾ ਵਰਤਣ ਦਾ ਕਾਰਨ ਤਾਂ ਇਹ ਹੈ ਕਿ ਉਸ ਵਿਚ ਲੂਣ ਤੋਂ ਸਿਵਾ ਹੋਰ ਵੀ ਕਈ ਚੀਜ਼ਾਂ ਰਲੀਆਂ ਹੋਈਆਂ ਹੁੰਦੀਆਂ ਹਨ । ਜੇਕਰ ਇਨ੍ਹਾਂ ਦੋਹਾਂ ਚੀਜ਼ਾਂ ਵਿੱਚੋਂ ਲੂਣ ਕੱਢ ਕੇ ਵਿਖਾਲ ਦਿਆਂ, ਫੇਰ ਤਾਂ ਮੰਨੇਂਗਾ ?

ਕਾਕਾ—ਮੰਨਾਂਗਾ !

ਗਿਆਨ ਸਿੰਘ—ਹੱਛਾ ! ਇਨ੍ਹਾਂ ਦੋਹਾਂ ਚੀਜ਼ਾਂ ਨੂੰ ਧੁੱਪੇ ਰੱਖ ਕੇ ਸੁਕਾ ਲੈ । ਕੱਲ੍ਹ ਇਨ੍ਹਾਂ ਵਿੱਚੋਂ ਹੀ ਲੂਣ ਕੱਢ ਕੇ ਤੈਨੂੰ ਚਖਾ ਦਿਆਂਗਾ ।

ਗਰਮੀ ਦੇ ਦਿਨ ਸਨ । ਇਕ ਦੋ ਘੰਟਿਆਂ ਵਿਚ ਹੀ ਦੋਵੇਂ ਚੀਜ਼ਾਂ ਸੁੱਕ ਗਈਆਂ । ਦੂਜੇ ਦਿਨ ਭਾਈ ਗਿਆਨ ਸਿੰਘ ਨੇ ਕਾਕੇ ਨੂੰ ਕਿਹਾ, "ਲੈ ਭਈ ਦੋਵੇਂ ਚੀਜ਼ਾਂ ਚੁਕ ਲਿਆ ਅਤੇ ਚਖ ਕੇ ਫੇਰ ਉਨ੍ਹਾਂ ਦਾ ਸੁਆਦ ਦਸ ।'

ਕਾਕਾ—(ਲਿਆ ਕੇ ਅਤੇ ਚੱਖ ਕੇ) ਪੂਦਨੇ ਵਿੱਚ ਤਾਂ ਹੁਣ ਸਿਰਫ਼ ਖੁਸ਼ਬੂ ਹੀ ਖ਼ੁਸ਼ਬੂ ਹੈ; ਤੇਜ਼ੀ ਅਤੇ ਕੌੜਾਪਣ ਤਾਂ ਜਾਂਦਾ ਰਿਹਾ ਹੈ

ਅਤੇ ਪਾਲਕ ਵਿਚ ਤਾਂ ਨਾ ਖੁਸ਼ਬੂ ਹੈ ਨਾ ਖਾਰਾਪਨ।

ਗਿਆਨ ਸਿੰਘ—ਹੁਣ ਦਸ, ਇਨ੍ਹਾਂ ਵਿੱਚ ਲੂਣ ਹੈ ਕਿ ਨਹੀਂ ?

ਕਾਕਾ—ਜਦ ਤਕ ਇਹ ਚੀਜ਼ਾਂ ਹਰੀਆਂ ਸਨ ਤਦ ਤਕ ਮੈਂ ਦਸ ਸਕਦਾ ਸਾਂ, ਪਰ ਹੁਣ ਇਹ ਗੱਲ ਮੈਥੋਂ ਕੋਹਾਂ ਦੂਰ ਹੈ।

ਗਿਆਨ ਸਿੰਘ—ਹੱਛਾ, ਇਨ੍ਹਾਂ ਦੋਹਾਂ ਚੀਜ਼ਾਂ ਨੂੰ ਵੱਖਰੇ ਵੱਖਰੇ ਬਰਤਨ ਵਿਚ ਸਾੜ ਸੁੱਟ।

ਅੱਗ ਲਾਉਂਦਿਆਂ ਹੀ ਦੋਵੇਂ ਚੀਜ਼ਾਂ ਸੜ ਕੇ ਸੁਆਹ ਹੋ ਗਈਆਂ।

ਗਿਆਨ ਸਿੰਘ—ਹੱਛਾ ! ਇਨ੍ਹਾਂ ਦੋਹਾਂ ਸੁਆਹਾਂ ਨੂੰ ਵੱਖਰੇ ਵੱਖਰੇ ਪਿਆਲੇ ਵਿੱਚ ਪਾਣੀ ਪਾ ਕੇ ਅਤੇ ਘੋਲ ਕੇ ਰੱਖ ਦੇਹ। ਪਰ ਘੋਲਣ ਤੋਂ ਪਹਿਲਾਂ ਮੈਨੂੰ ਫਿਰ ਭੀ ਚੱਖ ਕੇ ਦਸ ਦਈਂ ਭਈ ਇਨ੍ਹਾਂ ਵਿੱਚ ਲੂਣ ਹੈ ਕਿ ਨਹੀਂ ?

ਕਾਕਾ—(ਚੱਖ ਕੇ) ਹੁਣ ਤਾਂ ਕੁਝ ਭੀ ਸ੍ਵਾਦ ਨਹੀਂ ਮਲੂਮ ਹੁੰਦਾ।

ਗਿਆਨ ਸਿੰਘ—ਦੇਖ ! ਥੋੜੀ ਦੇਰ ਬਾਦ ਤੂੰ



24929

ਆਪਣੇ ਮੂੰਹੋਂ ਲੂਣ ਲੂਣ ਕੂਕ ਉਠੇਂਗਾ। ਪਰ ਛੇ ਸੱਤ ਘੰਟਿਆਂ ਤਕ ਇਹ ਦੋਵੇਂ ਸੁਆਹਾਂ ਭਿੱਜੀਆਂ ਰਹਿਣ । ਤੂੰ ਇਨ੍ਹਾਂ ਨੂੰ ਘੋਲ, ਮੈਂ ਇਕ ਕੰਮ ਕਰ ਆਵਾਂ । ਏਨੇ ਨੂੰ ਪਾਣੀ ਭੀ ਨਿੱਤਰ ਆਵੇਗਾ ।

ਭਾਈ ਗਿਆਨ ਸਿੰਘ ਹੁਰੀਂ ਜਿਉਂ ਬਾਹਰ ਗਏ ਸ਼ਾਮ ਨੂੰ ਘਰ ਆਏ । ਆਉਂਦਿਆਂ ਹੀ ਉਨ੍ਹਾਂ ਨੇ ਕਾਕੇ ਪਾਸੋਂ ਪੁੱਛਿਆ, 'ਕਿਉਂ ਭਈ ! ਸੁਆਹਾਂ ਦਾ ਪਾਣੀ ਨਿੱਤਰ ਗਿਆ ਕਿ ਨਹੀਂ ?'

ਕਾਕਾ—ਆਹੋ ਜੀ ! ਨਿੱਤਰ ਗਿਆ ਹੈ।

ਗਿਆਨ ਸਿੰਘ—ਹੱਛਾ ! ਦੋਹਾਂ ਦਿਆਂ ਪਾਣੀਆਂ ਨੂੰ ਦੋ ਭਾਂਡਿਆਂ ਵਿੱਚ ਨਿਤਾਰ ਲੈ ।

ਕਾਕਾ—(ਨਿਤਾਰ ਕੇ) ਨਿਤਾਰ ਲਏ ਜੀ ।

ਗਿਆਨ ਸਿੰਘ—ਹੱਛਾ ! ਥੋੜੇ ਜਿਹੇ ਕੋਲੇ ਅੰਗੀਠੀ ਵਿੱਚ ਭਖਾ ਲੈ ।

ਕਾਕਾ—( ਕੋਲੇ ਭਖਾ ਕੇ ) ਕੋਲੇ ਭੀ ਭਖ ਗਏ ਹਨ। ਹੋਰ ਹੁਕਮ ਕਰੋ ?

ਗਿਆਨ ਸਿੰਘ—ਪਹਿਲਾਂ ਇੱਕ ਭਾਂਡੇ ਨੂੰ

ਉੱਪਰ ਰੱਖ ਦੇਹ । ਜਦ ਖ਼ੂਬ ਉਬਾਲ ਆਵੇ ਤਾਂ ਇੱਕ ਲਕੜ ਨਾਲ ਹਲਾਈ ਜਾਈਂ । ਜਦ ਸਾਰਾ ਪਾਣੀ ਸੁੱਕ ਜਾਵੇ ਤਾਂ ਮੈਨੂੰ ਖ਼ਬਰ ਦੇਈਂ ।

ਕੋਲਿਆਂ ਦੀ ਅੱਗ ਤੇਜ਼ ਸੀ ਅਤੇ ਪਾਣੀ ਥੋੜਾ ਸੀ ਇਸ ਲਈ ਕੁਝ ਮਿੰਟਾਂ ਵਿੱਚ ਹੀ ਸਾਰਾ ਪਾਣੀ ਭਾਫ਼ ਬਣ ਕੇ ਉੱਡ ਗਿਆ ਅਤੇ ਹੇਠਾਂ ਕੋਈ ਚਿੱਟੀ ਚਿੱਟੀ ਚੀਜ਼ ਬਾਕੀ ਰਹਿ ਗਈ ।

ਕਾਕਾ—ਲਉ ਭਾਈਆ ਜੀ ! ਪਾਣੀ ਤਾਂ ਸਾਰਾ ਸੜ ਗਿਆ ਹੈ, ਪਰ ਚਿੱਟਾ ਚਿੱਟਾ ਚੂਨਾ ਬਾਕੀ ਰਹਿ ਗਿਆ ਹੈ ।

ਗਿਆਨ ਸਿੰਘ—ਹੱਛਾ ! ਹੁਣ ਇਸ ਨੂੰ ਲਾਹ ਲੈ ਅਤੇ ਦੂਜਾ ਭਾਂਡਾ ਅੱਗ ਉੱਤੇ ਰਖ ਦੇਹ । ਉਸ ਦਾ ਪਾਣੀ ਭੀ ਇਸੇ ਤਰ੍ਹਾਂ ਸਾੜ ਸੁੱਟ । ਇੱਚਰਾਂ ਨੂੰ ਇਹ ਠੰਢਾ ਹੋ ਜਾਵੇਗਾ ।

ਪਹਿਲਾ ਲੂਣ ਠੰਢਾ ਹੁੰਦਿਆਂ ਨੂੰ ਦੂਜਾ ਭੀ ਤਿਆਰ ਹੋ ਗਿਆ ।

ਕਾਕਾ—ਲਉ ਭਾਈਆ ਜੀ ! ਇਸ ਦਾ ਭੀ ਪਾਣੀ ਸੁੱਕ ਗਿਆ ਹੈ ਅਤੇ ਹੇਠਾਂ ਚਿੱਟੀ ਚਿੱਟੀ

ਸੁਆਹ ਰਹਿ ਗਈ ਹੈ ।

ਗਿਆਨ ਸਿੰਘ—ਹੱਛਾ ! ਇਹਨੂੰ ਭੀ ਉਤਾਰ ਲੈ। ਹੱਛਾ ! ਹੁਣ ਪਾਲਕ ਵਾਲੇ ਚੂਨੇ ਨੂੰ ਚੱਖ ਕੇ ਦਸ ਉਸ ਦਾ ਕੀ ਸੁਆਦ ਹੈ ?

ਕਾਕਾ—( ਚਖ ਕੇ )ਹੈਂ ! ਇਹ ਤਾਂ ਨਿਰਾ ਲੂਣ ਹੈ।

ਗਿਆਨ ਸਿੰਘ—ਹਛਾ, ਹੁਣ ਉਹ ਭੀ ਠੰਢਾ ਹੋ ਗਿਆ ਹੈ। ਉਸ ਨੂੰ ਭੀ ਚੱਖ ਕੇ ਦਸ।

ਕਾਕਾ—ਵਾਹ ਵਾ ! ਇਸ ਵਿਚ ਤਾਂ ਫੇਰ ਪੂਦਨੇ ਵਰਗੀ ਤੇਜ਼ੀ ਆ ਗਈ।

ਗਿਆਨ ਸਿੰਘ—ਕਿਉਂ, ਹੁਣ ਤਾਂ ਮੰਨੇਗਾ ?

ਕਾਕਾ—ਹੱਛਾ ਭਾਈਆ ਜੀ ! ਇਹ ਲੂਣ ਕਿਸ ਕੰਮ ਆਉਂਦੇ ਹਨ ?

ਗਿਆਨ ਸਿੰਘ—ਪੂਦਨੇ ਦਾ ਲੂਣ ਪਾਚਕ ਹੈ, ਪੇਟ ਦੇ ਦਰਦ ਨੂੰ ਦੂਰ ਕਰਦਾ ਹੈ। ਅਤੇ ਜੋ ਗੁਣ ਪਾਲਕ ਦਾ ਹੈ, ਉਹ ਇਸ ਦੇ ਲੂਣ ਵਿਚ ਭੀ ਹੈ।

ਕਾਕਾ—ਭਾਈਆ ਜੀ ! ਜੇਕਰ ਇਸੇ ਤਰ੍ਹਾਂ ਦਵਾਈਆਂ ਦਾ ਸਤ ਕੱਢ ਕੇ ਵਰਤਿਆ ਜਾਵੇ ਤਾਂ ਕਟੋਰੇ ਭਰ ਭਰ ਕੇ ਦਵਾਈ ਤਾਂ ਨਾ ਪੀਣੀ ਪਵੇ ।

ਗਿਆਨ ਸਿੰਘ—ਠੀਕ ਹੈ। ਅੰਗਰੇਜ਼ੀ ਦਵਾਈਆਂ ਅਜ ਕੱਲ ਇਸੇ ਅਸੂਲ ਉੱਤੇ ਹੀ ਬਣਦੀਆਂ ਹਨ। ਅੰਗਰੇਜ਼ ਲੋਕ ਹਰੇਕ ਦਵਾਈ ਦਾ ਸਤ ਕੱਢ ਲੈਂਦੇ ਹਨ ਅਤੇ ਉਸ ਦੀ ਥਾਂ ਉਹੋ ਸਤ ਵਰਤਦੇ ਹਨ। ਇਸ ਤਰ੍ਹਾਂ ਉਸ ਦਵਾਈ ਨਾਲੋਂ ਸਤ ਬਹੁਤ ਥੋੜਾ ਵਜ਼ਨ ਰੱਖਦਾ ਹੈ।

## ਕਾਰਨ ਵਿਚਾਰ

ਇਕ ਵਾਰੀ ਭਾਈ ਗਿਆਨ ਸਿੰਘ ਜੀ ਆਪਣੇ ਪੁੱਤਰ ਨੂੰ ਇਕ ਮੰਦਰ ਵਿਖਾਣ ਲੈ ਗਏ। ਉਹ ਮੰਦਰ ਗੁੰਬਜ ਵਰਗਾ ਸੀ। ਉਸ ਵਿੱਚੋਂ ਆਵਾਜ਼ ਵਾਪਸ ਗੂੰਜਦੀ ਸੁਣ ਕੇ ਕਾਕੇ ਨੇ ਪੁੱਛਿਆ:—

ਭਾਈਆ ਜੀ ! ਕਿਸੇ ਗੁੰਬਜ ਵਿੱਚ ਅਸੀਂ ਜੋ ਗੱਲ ਆਖਦੇ ਹਾਂ, ਉਹ ਬਹੁਤ ਦੇਰ ਤਕ ਗੂੰਜਦੀ ਕਿਉਂ ਰਹਿੰਦੀ ਹੈ ?

ਗਿਆਨ ਸਿੰਘ—ਪੁੱਤ ! ਸਭ ਖ਼ਾਲੀ ਥਾਵਾਂ ਵਿਚ ਪੌਣ ਹੁੰਦੀ ਹੈ ਤੇ ਪੌਣ ਹੀ ਆਵਾਜ਼ ਪੈਦਾ ਕਰਦੀ ਹੈ। ਸਾਰੀ ਆਵਾਜ਼ ਪੌਣ ਦੇ ਆਸਰੇ ਹੈ। ਜੇ ਸਾਡੇ ਅੰਦਰ ਪੌਣ (ਸ੍ਵਾਸ) ਨਾ ਹੋਵੇ ਤਾਂ ਅਸੀਂ ਬੋਲ ਨਾ ਸਕੀਏ। ਤੂੰ ਘੜਾ, ਢੋਲਕੀ, ਜੋੜੀ ਆਦਿ ਵੱਜਦੀ ਸੁਣੀ ਹੋਵੇਗੀ, ਉਹ ਭੀ ਪੌਣ ਕਰ ਕੇ ਹੀ

ਵੱਜਦੀ ਹੈ। ਜਦੋਂ ਘੜੇ ਉੱਤੇ ਹੱਥ ਮਾਰੀਦਾ ਹੈ ਤਾਂ ਘੜੇ ਦੇ ਅੰਦਰ ਵਾਲੀ ਪੌਣ ਨੂੰ ਸੱਟ ਵੱਜਦੀ ਹੈ ਤੇ ਉਹ ਬੋਲਦੀ ਮਲੂਮ ਹੁੰਦੀ ਹੈ। ਇਸੇ ਤਰ੍ਹਾਂ ਗੁੰਬਜ ਦੇ ਵਿੱਚੋਂ ਆਵਾਜ਼ ਆਉਂਦੀ ਹੈ।

ਚਤਰ ਸਿੰਘ—ਪਰ ਭਾਈਆ ਜੀ ! ਬਾਹਰ ਖੁਲ੍ਹੀ ਥਾਂ ਵਿਚ ਬੋਲਿਆਂ ਗੂੰਜ ਕਿਉਂ ਨਹੀਂ ਉਠਦੀ?

ਗਿਆਨ ਸਿੰਘ—ਉੱਥੇ ਸਾਡੀ ਆਵਾਜ਼ ਕਈ ਪਾਸੇ ਖਿੱਲਰ ਜਾਂਦੀ ਹੈ ਤੇ ਪੁਲਾੜ ਸਾਡੀ ਆਵਾਜ਼ ਦੇ ਮੁਕਾਬਲੇ ਬਹੁਤ ਵੱਡਾ ਹੋਣ ਕਰ ਕੇ ਉਸ ਤੇ ਕੋਈ ਅਸਰ ਨਹੀਂ ਹੁੰਦਾ।

ਜੇਕਰ ਸਾਡੀ ਆਵਾਜ਼ ਤੋਪ ਦੇ ਬਰਾਬਰ ਹੁੰਦੀ ਤਾਂ ਉਹ ਮਹਾ ਅਕਾਸ ਵਿੱਚ ਭੀ ਗੂੰਜ ਉਠਦੀ। ਇਨ੍ਹਾਂ ਹੀ ਵਿਚਾਰਾਂ ਨਾਲ ਕੋਈ ਨਾ ਕੋਈ ਨਵੀਂ ਗੱਲ ਨਿਕਲ ਆਉਂਦੀ ਹੈ। ਜਿਸ ਆਦਮੀ ਨੇ ਟੈਲੀਫ਼ੋਨ ਦਾ ਤਰੀਕਾ ਕਢਿਆ ਹੈ ਉਹ ਕਿਸੇ ਤਾਰ ਘਰ ਵਿੱਚ ਨੌਕਰ ਸੀ। ਇਕ ਵਾਰੀ ਉਸ ਦੇ ਮੂੰਹੋਂ ਕੁਝ ਗੱਲ ਜੋ ਨਿਕਲੀ ਤਾਂ ਉਸਦੀ ਹਲਚੱਲ ਤਾਰਾਂ ਉੱਤੇ ਹੁੰਦੀ ਹੋਈ ਉਸ ਨੂੰ ਨਜ਼ਰ ਆਈ। ਇਹ ਹਾਲਤ ਦੇਖ ਕੇ ਉਸ ਨੂੰ ਤਾਰ ਉੱਤੇ ਆਵਾਜ਼ ਦੌੜਾਉਣ ਦੀ ਲਗਣ ਲੱਗ ਗਈ। ਛੇਕੜ ਕਈ ਤਜਰਬਿਆਂ ਦੇ ਬਾਦ ਉਸ

ਨੇ 'ਟੈਲੀਫ਼ੋਨ' ਬਣਾ ਕੱਢੀ।

ਹੁਣ ਅਸੀਂ ਤੈਨੂੰ ਦੂਰ ਖੜੇ ਆਦਮੀ ਨਾਲ ਗੱਲਾਂ ਕਰ ਕੇ ਵਿਖਾ ਸਕਦੇ ਹਾਂ ।

ਕਾਕਾ—ਦਿਖਾਉ ਜੀ !

ਗਿਆਨ ਸਿੰਘ—ਹੱਛਾ ! ਪਹਿਲੇ ਸਾਡੇ ਪ੍ਰਸ਼ਨਾਂ ਦਾ ਉੱਤਰ ਦੇਹ ਤਾਕਿ ਤੇਰੇ ਸਮਝਣ ਵਿੱਚ ਕੋਈ ਕਸਰ ਨਾ ਰਹੇ ।

ਕਾਕਾ—ਪੁੱਛੋ ਜੀ !

ਗਿਆਨ ਸਿੰਘ—ਜੇਕਰ ਕਿਸੇ ਲਚਕਦਾਰ ਚੀਜ਼ ਦੇ ਸਿਰ ਉਤੇ ਹੱਥ ਮਾਰੀਏ ਤਾਂ ਉਸ ਦੀ ਲਚਕ ਕਿਥੋਂ ਤਕ ਜਾ ਸਕਦੀ ਹੈ ?

ਕਾਕਾ—ਦੂਜੇ ਸਿਰੇ ਤਕ ।

ਗਿਆਨ ਸਿੰਘ—ਢੋਲਕ ਨੂੰ ਸੱਜੇ ਪਾਸਿਓਂ ਹੱਥ ਮਾਰੀਏ ਤਾਂ ਉਸ ਦੀ ਖੱਬੀ ਤਰਫ਼ ਵਾਲੀ ਪੂੜੀ ਕਿਉਂ ਫਰਕਦੀ ਹੈ ਅਤੇ ਕਿਉਂ ਆਵਾਜ਼ ਦੇਂਦੀ ਹੈ ?

ਕਾਕਾ—ਸ਼ਾਇਦ ਲਚਕ ਦਾ ਹੀ ਕਾਰਨ ਹੈ।

ਗਿਆਨ ਸਿੰਘ—ਭਲਾ ਉਸ ਵਿਚ ਲਚਕ ਕਿੱਥੋਂ ਆਈ ?

ਕਾਕਾ—ਮੈਂ ਵੀ ਇਹੋ ਹੀ ਸੋਚਦਾ ਹਾਂ।

ਗਿਆਨ ਸਿੰਘ—ਹੁਣੇ ਤੂੰ ਪੌਣ ਨੂੰ ਲਚਕਦਾਰ ਸਮਝ ਚੁਕਾ ਹੈਂ। ਫੇਰ ਕਿਉਂ ਭੁਲ ਗਿਓਂ ?

ਕਾਕਾ—ਮੈਂ ਇਹੋ ਸੋਚਦਾ ਹਾਂ ਕਿ ਉਸ ਵਿਚ ਹਵਾ ਕਿੱਥੋਂ ਆਈ !

ਗਿਆਨ ਸਿੰਘ—ਭਲਾ ਕੋਈ ਥਾਂ ਪੌਣ ਤੋਂ ਖ਼ਾਲੀ ਭੀ ਹੈ ? ਜੇਕਰ ਮੜ੍ਹੀਆਂ ਹੋਈਆਂ ਚੀਜ਼ਾਂ ਵਿਚ ਹਵਾ ਨਾ ਹੁੰਦੀ ਤਾਂ ਉਹ ਅੰਦਰੋਂ ਖਾਲੀ ਨਾ ਰਹਿ ਸਕਦੀਆਂ। ਖਾਲੀ ਥਾਂ ਵਿਚ ਪੌਣ ਜ਼ਰੂਰ ਹੈ।

ਕਾਕਾ—ਹੁਣ ਸਮਝਿਆ !

ਗਿਆਨ ਸਿੰਘ—ਹੱਛਾ ! ਹੋਰ ਦਸ। ਸਿਤਾਰ ਦੇ ਤਾਰ ਨੂੰ ਇਕ ਸਿਰੇ ਤੋਂ ਜੇਕਰ ਛੇੜਦੇ ਹਾਂ ਤਾਂ ਉਸ ਦੀ ਝਨਕਾਰ ਛੇਕੜਲੇ ਸਿਰੇ ਤਕ ਕਿਉਂ ਹੁੰਦੀ ਹੈ ?

ਕਾਕਾ—ਲਚਕ ਅਤੇ ਮੇਲ ਦੇ ਹੋਣ ਕਰ ਕੇ।

ਗਿਆਨ ਸਿੰਘ—ਹੱਛਾ ! ਜੇਕਰ ਅਸੀਂ ਦੋ ਮੜ੍ਹ ਕੁਝ ਵਿਥ ਉੱਤੇ ਬਣਾਈਏ ਅਤੇ ਉਨ੍ਹਾਂ ਦੇ ਵਿਚਕਾਰ ਇਕ ਪੰਪ ਲਗਾ ਦੇਈਏ ਤਾਂ ਇਕ ਮੜ੍ਹ ਦੀ ਆਵਾਜ਼ ਦੂਜੇ ਵਿੱਚ ਜਾ ਕੇ ਗੂੰਜੇਗੀ ਕਿ ਨਹੀਂ ?

ਕਾਕਾ—ਆਸ ਤਾਂ ਹੈ ਜ਼ਰੂਰ ਗੂੰਜੇਗੀ।

ਗਿਆਨ ਸਿੰਘ—ਹੱਛਾ ! ਦੋ ਕਸੋਰੇ ਚੁੱਕ ਲਿਆ। (ਕਾਕਾ ਜਾ ਕੇ ਲੈ ਆਇਆ) ਇਨ੍ਹਾਂ ਦੇ ਥੱਲਿਆਂ ਵਿੱਚ ਪੈਸੇ ਪੈਸੇ ਜੇਡੇ ਛੇਕ ਕਰ।

ਕਾਕਾ—(ਕਰ ਕੇ) ਕਰ ਦਿੱਤੇ ਜੀ।

ਗਿਆਨ ਸਿੰਘ—ਹੁਣ ਇਨ੍ਹਾਂ ਕਸੋਰਿਆਂ ਦੇ ਮੂੰਹ

ਕਾਗਜ਼ ਨਾਲ ਮੜ੍ਹ ਦੇ, ਪਰ ਛੇਕ ਖੁਲ੍ਹੇ ਰਹਿਣ ਦੇਈਂ ।

ਕਾਕਾ—( ਓਵੇਂ ਕਰ ਕੇ ) ਕੀਤੇ ਗਏ ਜੀ ।

ਗਿਆਨ ਸਿੰਘ—ਹੁਣ ਦੋ ਢਾਈ ਸੌ ਗਜ਼ ਲੰਮਾ ਧਾਗਾ ਲੈ ਆ ਅਤੇ ਉਸ ਦੇ ਦੋਹਾਂ ਸਿਰਿਆਂ ਉੱਤੇ ਦੋ ਛੋਟੇ ਛੋਟੇ ਤੀਲੇ ਬੰਨ੍ਹ । ਉਨ੍ਹਾਂ ਤੀਲਿਆਂ ਨੂੰ ਦੋਹਾਂ ਕੁੱਜਿਆਂ ਦੇ ਕਾਗਜ਼ਾਂ ਵਿੱਚ ਚੋਭ ਕੇ ਅੰਦਰ ਕਰ ਦੇਹ ।

ਕਾਕਾ—( ਓਵੇਂ ਕਰ ਕੇ ) ਕੀਤੇ ਗਏ ਜੀ ।

ਗਿਆਨ ਸਿੰਘ—ਹੁਣ ਦੋ ਚਾਰ ਲੜਕੇ ਸੱਦ ਲਿਆ । ( ਜਾ ਕੇ ਸੱਦ ਲਿਆਇਆ ) ਹੱਛਾ ! ਇਕ ਕੁੱਜਾ ਲੈ ਕੇ ਤੂੰ ਸਿੱਧਾ ਜਾ ਕੇ ਖੜਾ ਹੋ । ਅਸੀਂ ਆਪਣੇ ਕੁੱਜੇ ਵਿੱਚ ਜੋ ਆਖਾਂਗੇ ਉਹ ਤੂੰ ਆਪਣੇ ਕੁੱਜੇ ਨੂੰ ਕੰਨ ਨਾਲ ਲਾ ਕੇ ਸੁਣ ਲਵੀਂ ।

ਕਾਕੇ ਨੇ ਦੂਸਰਾ ਕੁੱਜਾ ਲਿਆ ਅਤੇ ਦੂਰ ਜਾ ਕੇ ਖੜਾ ਹੋ ਗਿਆ । ਏਧਰੋਂ ਭਾਈ ਹੁਰਾਂ ਆਪਣੇ ਕੁੱਜੇ ਨੂੰ ਮੂੰਹ ਲਾ ਕੇ ਕਿਹਾ, 'ਕਾਕਾ ! ਪਾਗਲ ਹੈਂ ।' ਕਾਕਾ ਇਹ ਸੁਣ ਕੇ ਹਸ ਪਿਆ ਅਤੇ ਆਖਣ ਲਗਾ, 'ਮੈਨੂੰ ਪਾਗਲ ਆਖਦੇ ਹੋ !'

ਇਸੇ ਤਰ੍ਹਾਂ ਖੇਡ ਹੀ ਖੇਡ ਵਿੱਚ ਪੌਣ ਦੇ ਰਾਹ ਲਚਕ ਦਾ ਹਾਲ ਸੁਖਾਲੇ ਹੀ ਕਾਕੇ ਦੀ ਸਮਝ ਵਿੱਚ ਆ ਗਿਆ । ਥੋੜੀ ਦੇਰ ਤਕ ਬੱਚੇ ਖੇਡਦੇ ਰਹੇ ।

# ਇਸ ਬਗ਼ੀਚੇ ਦੇ ਹੋਰ ਫੁੱਲ


੧. ਪਹਾੜੀ ਮੁੰਡਾ—ਭਾ: ਅਮਰ ਸਿੰਘ ਲਾਹੌਰ =)
੨. ਬਾਲ ਹਿਤ ਉਪਦੇਸ਼—ਭਾ: ਲਾਲ ਸਿੰਘ ਬੀ. ਏ. ।–)
੩. ਝੂਠਾ ਦਾਵਾ—ਭਾ: ਅਮਰ ਸਿੰਘ ਲਾਹੌਰ =)
੪. ਪਿਆਰੇ ਗੀਤ—ਪ੍ਰੋ: ਵਿਦਿਆ ਸਾਗਰ ਐਮ. ਐਸਸੀ. =)
੫. ਸੋਹਣੂ ਦੀ ਬਕਰੀ—ਭਾ: ਅਮਰ ਸਿੰਘ ਲਾਹੌਰ =)
੬. ਸ਼ੱਕਰਪਾਰੇ— ਭਾ: ਵਿਧਾਤਾ ਸਿੰਘ 'ਤੀਰ' ≡)
੭. ਸੋਨ ਚਿੜੀ—ਭਾ: ਲਾਲ ਸਿੰਘ ਬੀ. ਏ. ≡)
੮. ਬਾਬੇ ਦੇ ਗੋਂਗਲੂ ਤੇ ਕਹਾਣੀਆਂ—ਭਾ: ਅਮਰ ਸਿੰਘ ≡)
੯. ਖੰਡ ਦੇ ਖਿਡੌਣੇ—ਭਾ: ਵਿਧਾਤਾ ਸਿੰਘ 'ਤੀਰ' ≡)
੧੦. ਮਹਾਤਮਾ ਬੁੱਧ—ਲਾ: ਗੁਰਾਂ ਦਿੱਤਾ ਖੰਨਾ ।)
੧੧. ਬਾਲਕਾਂ ਦੇ ਗੀਤ—ਪ੍ਰੋ: ਬ੍ਰਿਜ ਲਾਲ ਸ਼ਾਸਤਰੀ ।)
੧੨. ਕੀੜੇ ਮਕੌੜੇ—ਭਾਈ ਮੋਹਨ ਸਿੰਘ ਵੈਦ ।)
੧੩. ਬਾਬਾ ਨਿਹਾਲਾ ਤੇ ਉਸ ਦੇ ਚੰਨ—ਗਿ: ਗੁਰਦਿਤ ਸਿੰਘ।)
੧੪. ਮਾਸੀ ਲੂੰਮੜੀ ਤੇ ਸ਼ੇਰ ਦਾ ਦਰਬਾਰ—ਭਾ: ਅਮਰ ਸਿੰਘ ।)
੧੫. ਗੁਰੂ ਨਾਨਕ—ਭਾ: ਰਾਜਿੰਦਰ ਸਿੰਘ ਬੀ. ਏ. ।–)
੧੬. ਚਤੁਰ ਬਾਲਕ—ਭਾ: ਮੋਹਨ ਸਿੰਘ ਵੈਦ ।–)
੧੭. ਸ਼ੂਮ ਬਾਬਾ—ਮਾ: ਦੁਸੌਂਧਾ ਸਿੰਘ ਮੁਸ਼ਤਾਕ ।–)
੧੮. ਪਰੀਆਂ ਦਾ ਖੂਹ—ਭਾ: ਰਾਜਿੰਦਰ ਸਿੰਘ ਬੀ. ਏ. ≡)

ਹਰ ਪਰਕਾਰ ਦੀਆਂ ਪੁਸਤਕਾਂ ਮਿਲਣ ਦਾ ਪਤਾ—

**ਮੈਨੇਜਰ ਪੰਜਾਬੀ ਕਿਤਾਬ ਘਰ ਅੰਮ੍ਰਿਤਸਰ**